ੴ

# ਅੰਮ੍ਰਿਤ ਕੀਰਤਨ




ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮੁੱਲ : 10 ਰੁਪਏ □ ਜੂਨ 1997

ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.


# ਅੰਮ੍ਰਿਤ ਕੀਰਤਨ


ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 6 ਸਾਲ ਨੌਵਾਂ ਜੂਨ 1997



| | |
|---|---|
| ਮਿਤ੍ਰ ਅਸਾਡੜੇ ਸੇਈ | 2 |
| ਕਰਉ ਬੇਨੰਤੀਆ | 3 |
| ਕੀਰਤਨ ਦੀਆਂ ਚਾਰ ਪਉੜੀਆਂ -ਭਾਗਵੰਤ ਕੌਰ | 4 |
| ਸਿੱਖ ਸ਼ਾਸਤਰੀ ਸੰਗੀਤ ਕਲਾ -ਡਾ. ਜਸਵਿੰਦਰ ਭੁੱਲਰ | 8 |
| ਸੰਗੀਤ ਸਿੱਖਿਆ | 10 |
| ਪੁਸਤਕ ਸਮੀਖਿਆ -ਕੋਮਲ ਸਿੰਘ | 11 |
| ਕੈਸਟ ਸਮੀਖਿਆ -ਹਰਚਰਨ ਸਿੰਘ | 13 |
| ਪਦਮ ਸ਼੍ਰੀ ਸੋਹਣ ਸਿੰਘ ਨੂੰ ਸੰਗੀਤਕਾਰਾਂ ਵਲੋਂ ਸੁਰੀਲੀ ਸ਼ਰਧਾਂਜਲੀ | 15 |
| ਗੁਰਬਾਣੀ ਸੰਗੀਤ ਸੰਬੰਧੀ ਪੁਸਤਕਾਂ ਦਾ ਵੇਰਵਾ | 16 |
| ਪ੍ਰਸ਼ਨਾਵਲੀ-7 | |
| ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ ਡਾ. ਸਾਹਿਬ ਸਿੰਘ ਡੀ.ਲਿਟ. | 19 |
| ਸੁਰ ਲਿਪੀ-ਰਾਗ ਵਿਰੰਦਾਵਨੀ ਸਾਰੰਗ -ਰਣਧੀਰ ਸਿੰਘ ਖਾਲਸਾ, ਪਟਨਾ | 20 |
| ਸਵਰ ਲਿਪੀ-ਰਾਗ ਭੂਪਾਲੀ -ਹਰਿੰਦਰ ਪਾਲ ਸਿੰਘ | 21 |
| ਜੰਤਰੀ ਮਹੀਨਾ ਜੂਨ | 24 |



## ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੋਮਲ

ਡਾ. ਹਰਨੇਕ ਸਿੰਘ ਕਲੇਰ

ਸ. ਜੋਤਿੰਦਰ ਸਿੰਘ ਸੋਹਲ

ਸ. ਹਰਭਜਨ ਸਿੰਘ ਚੋਪੜਾ

ਪ੍ਰੋ. ਸਤਵਿੰਦਰ ਸਿੰਘ

ਸ. ਕੇ. ਐਸ. ਚੁਘ

## ਚਿੱਤਰਕਾਰ

ਗੁਰਦੀਪ ਸਿੰਘ ਦੀਪ

## ਸਰਪ੍ਰਸਤ

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051, ਸੈਕਟਰ 27 ਬੀ,
ਚੰਡੀਗੜ
ਫੋਨ-650696



**ਚੰਦੇ ਦਾ ਵੇਰਵਾ :**

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |

**ਚਿੱਠੀ ਪੱਤਰ ਲਈ ਪਤਾ :**

ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
782452

**ਇਸ਼ਤਿਹਾਰਾਂ ਦਾ ਵੇਰਵਾ**

| | |
|---|---|
| ਪਿੱਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. |



■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

# ਮਿਤ੍ਰ ਅਸਾਡੜੇ ਸੇਈ

'ਅਪ੍ਰੈਲ' ਦਾ 'ਅੰਮ੍ਰਿਤ ਕੀਰਤਨ' ਬਹੁਤ ਪਸੰਦ ਆਇਆ । ਸੰਪਾਦਕੀ ਨੋਟ 'ਉਤਮ ਉਪਰਾਲਾ' ਬਹੁਤ ਹੀ ਖੂਬਸੂਰਤ ਸੀ । 'ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਵਿੱਚ ਸੰਗੀਤ ਦਾ ਵਿਕਾਸ' ਲਿਖਿਤ ਡਾ. ਮਨਵਿੰਦਰ ਕੌਰ ਸੋਢੀ, ਇੱਕ ਅਮੋਲਕ ਜੀਵਨ ਪ੍ਰੋ. ਕਰਤਾਰ ਸਿੰਘ ਜੀ, ਰਚਨਾ ਪ੍ਰਿੰਸੀਪਲ ਗੁਰਮੁਖ ਸਿੰਘ, ਪ੍ਰਿੰਸੀਪਲ ਦਰਸ਼ਨ ਸਿੰਘ ਬਾਗੜੀਆ ਦਾ ਲਿਖਿਆ ਲੇਖ- 'ਸਵੱਰ ਸਮੁੰਦ' ਕੀਰਤਨ ਪ੍ਰਸੰਸਾ ਅਤੇ ਦਲਜੀਤ ਪਰਮ ਵੱਲੋਂ ਮਲੋਟ ਦੇ ਉਸਤਾਦ ਰਾਗੀ. ਪ੍ਰੋ. ਮੰਗਤ ਸਿੰਘ ਮਸਤਾਨਾ ਬਾਰੇ ਇੰਟਰਵਿਊ ਬਹੁਤ ਕਾਬਿਲੇਤਾਰੀਫ ਹੈ । ਨਵਾਂ ਕਾਲਮ ਪ੍ਰਸ਼ਨਾਵਲੀ ਵਧੀਆ ਹੈ ।

**ਮਲੋਟ** — **ਪ੍ਰੋ. ਐਮ. ਐਸ. ਸਚਦੇਵਾ**

'ਮਾਰਚ' ਦਾ ਅੰਕ ਮਿਲਿਆ । ' ਕਰਉ ਬੇਨੰਤੀਆਂ' ਬਹੁਤ ਪਸੰਦ ਆਇਆ । ਤੁਸੀਂ ਠੀਕ ਲਿਖਿਆ ਹੈ ਇਹ ਬਿਮਾਰੀ ਕੰਨ ਰਸ ਦੀ ਹੈ । ਸੰਗਤਾਂ ਨੂੰ ਪ੍ਰੇਰਨਾ ਦਿੱਤੀ ਜਾਵੇ ਕਿ ਇਹਨਾਂ ਨੂੰ ਮੂੰਹ ਨਾ ਲਾਇਆ ਜਾਵੇ ਤਾਂ ਗੱਲ ਬਣ ਸਕਦੀ ਹੈ । ਪਾਤਸ਼ਾਹ ਬਖਸ਼ਿਸ਼ ਕਰਨ ਸੰਗਤਾਂ ਉਤੇ, ਆਪ ਨੂੰ ਹਿੰਮਤ ਅਤੇ ਸਿਹਤ ਦੀ ਬਖਸ਼ਿਸ਼ ਕਰਨ ਤਾਂ ਜੋ ਆਪ ਇਸ ਔਖੇ ਸਮੇਂ ਵਿੱਚ ਕੌਮ ਦੀ ਸੇਵਾ ਕਰਦੇ ਰਹੋ ।

**ਯੂ.ਐਸ. ਏ.** — **ਅਮਰਜੀਤ ਸਿੰਘ ਬੁੱਟਰ**

ਤੁਸੀਂ ਅੰਮ੍ਰਿਤ ਰੂਪੀ ਪ੍ਰਸ਼ਾਦ ਵਰਤਾ ਰਹੇ ਹੋ । ਜਦੋਂ 'ਅੰਮ੍ਰਿਤ ਕੀਰਤਨ' ਆਉਂਦਾ ਹੈ ਤਾਂ ਯਾਦ ਤਾਜ਼ਾ ਹੋ ਜਾਂਦੀ ਹੈ । ਪਰਮਾਤਮਾ ਤੁਹਾਨੂੰ ਦਿਨ ਦੁਗਣੀ, ਰਾਤ ਚੌਗੁਣੀ ਤਰੱਕੀ ਬਖਸ਼ੇ । ਅੱਜ ਕੱਲ ਤਾਂ ਫਿਲਮੀ ਯੁੱਗ ਹੈ । ਸਾਡੇ ਰਾਗੀ ਸਿੰਘ ਵੀ ਫਿਲਮੀ ਟਿਊਨਾਂ ਤੇ ਸ਼ਬਦ ਲਾ ਦਿੰਦੇ ਹਨ । ਆਪ ਜੀ ਤਾਂ ਰਾਗ ਦੀ ਪੂਜਾ ਕਰਦੇ ਹੋ । ਰਾਗਾਂ ਦੀ ਸਾਂਭ ਸੰਭਾਲ ਕਰਦੇ ਹੋ । ਰੱਬ ਦਾ ਜਸ ਗਾਇਨ ਕਰਦੇ ਹੋ । ਸਭ ਤੋਂ ਵਧ ਖੁਸ਼ੀ ਤਾਂ ਇਸ ਗੱਲ ਦੀ ਹੁੰਦੀ ਹੈ ਜਦੋਂ 'ਅੰਮ੍ਰਿਤ ਕੀਰਤਨ' ਵਿੱਚ ਕਿਸੇ ਅੱਛੇ ਸੰਗੀਤਕਾਰ ਦੀ ਬੰਦਿਸ਼ ਦਿੰਦੇ ਹੋ ।

**ਸ਼ਾਮ ਚੌਰਾਸੀ** — **ਸਰਬਜੀਤ ਸਿੰਘ ਖਾਲਸਾ**

'ਅੰਮ੍ਰਿਤ ਕੀਰਤਨ' ਪਤ੍ਰਿਕਾ ਸੱਚ-ਮੁਚ ਹੀ ਅੰਮ੍ਰਿਤ ਹੈ । ਮਾਰਚ 1997 ਦੇ ਅੰਕ ਵਿੱਚ ਪ੍ਰਿੰਸੀਪਲ ਦਿਆਲ ਸਿੰਘ ਜੀ ਦਾ ਲੇਖ 'ਸ਼ਾਸਤ੍ਰੀਆ ਸੰਗੀਤ ਅਤੇ ਗੁਰਮਤਿ ਸੰਗੀਤ' ਬੜਾ ਗਿਆਨ ਵਰਧਕ ਲੱਗਾ ।

**ਚਿਤਕੋਹਰਾ (ਪਟਨਾ)** — **ਰਣਧੀਰ ਸਿੰਘ 'ਖਾਲਸਾ'**

ਸਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 'ਕੀਰਤਨ ਸਬ-ਕਮੇਟੀ ਦੀ ਮੈਂਬਰੀ ਲਈ ਲੱਖ ਲੱਖ ਮੁਬਾਰਕਾਂ ਤੇ ਵਧਾਈਆਂ, ਗੁਰੂ ਸਾਹਿਬ ਦਾ ਵੀ ਧੰਨਵਾਦ ਹੈ ਜੋ ਆਪ ਜੀ ਵਰਗੇ ਸਿਆਣੇ ਤੇ ਸੁਚੱਜੇ ਕੀਰਤਨੀਏ ਸੇਵਕ ਨੂੰ ਪੰਥ ਵੱਲੋਂ ਇਹ ਮਹਾਨ ਵਡਿਆਈ ਪ੍ਰਾਪਤ ਹੋਈ ਹੈ । ਸਤਿਗੁਰੂ ਜੀ ਆਪ ਨੂੰ ਸਦਾ ਚੜ੍ਹਦੀਆਂ ਕਲਾਂ ਵਿੱਚ, ਗੁਰਮਤਿ ਅਨੁਸਾਰ ਗੁਰੂ ਸਵਾਰੀਆਂ ਸੰਗਤਾਂ ਦੀ ਕੀਰਤਨ ਸੇਵਾ ਕਰਨ ਲਈ ਤਤਪਰ ਰੱਖਣ ।

ਤੁਸੀਂ 'ਅੰਮ੍ਰਿਤ ਕੀਰਤਨ' ਪਰਚੇ ਰਾਹੀਂ ਜੋ ਪੰਥ ਅਤੇ ਕੌਮ ਦੀ ਸੇਵਾ ਕਰ ਰਹੇ ਹੋ, ਅਤਿ ਸਲਾਘਾਯੋਗ ਹੈ । ਇਹ ਕੰਮ ਕੋਈ ਛੋਟਾ ਨਹੀਂ, ਇਤਨੇ ਰੁਝੇਵਿਆਂ ਦੇ ਹੁੰਦਿਆਂ ਤੁਸੀਂ ਅਣਥੱਕ ਸੇਵਾ ਵਿੱਚ ਜੁੱਟੇ ਹੋਏ ਹੋ ਸਤਿਗੁਰੂ ਜੀ ਹਰ ਪ੍ਰਕਾਰ ਦੀ ਸਫਲਤਾ ਬਖਸ਼ਣ । Light & Sound ਪ੍ਰੋਗਰਾਮ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ । ਇਹ ਯਾਦਗਾਰੀ ਅਤੇ ਅਦੁੱਤੀ ਪ੍ਰੋਗਰਾਮ ਸਾਰਿਆਂ ਨੂੰ ਪਸੰਦ ਆਇਆ ਜੋ ਕਿ ਚੰਡੀਗੜ੍ਹ ਵਿੱਚ ਪਹਿਲੀ ਵਾਰ ਪੇਸ਼ ਕੀਤਾ ਗਿਆ ਸੀ । ਇਹ ਉਦਮ ਹੋਰ ਵੀ ਸਲਾਘਾਯੋਗ ਹੈ । ਹਿੱਸਾ ਲੈਣ ਵਾਲੇ ਸਾਰੇ ਸੇਵਕ ਹੀ ਧੰਨਤਾਯੋਗ ਹਨ ।

**ਚੰਡੀਗੜ੍ਹ** — **ਸੁਰਿੰਦਰ ਸਿੰਘ**

## ਬੀਬੀ ਬਲਜੀਤ ਕੌਰ ਤੁਲਸੀ

# ਸੰਗੀਤ-ਸਰੂਪ ਪ੍ਰੇਮਾਂਜਲੀ

ਜਦੋਂ ਆਪਣੇ ਜੀਵਨ ਵੱਲ ਝਾਤ ਮਾਰਦਾ ਹਾਂ ਤਾਂ ਬੀਤੇ ਦੇ ਅਕਾਸ਼ ਤੇ ਅਨੇਕਾਂ ਤਾਰੇ ਜਗਮਗਾਉਂਦੇ ਦਿਸਦੇ ਹਨ । ਇਹਨਾਂ ਤਾਰਿਆਂ ਦੀ ਸੇਧ ਤੁਰ ਕੇ ਅਨੇਕਾਂ ਮੰਜ਼ਿਲਾਂ ਤਹਿ ਕੀਤੀਆਂ ਹਨ । ਮੇਰੇ ਨਿਰਾਸ਼ ਪਲਾਂ ਵਿੱਚ ਇਹਨਾਂ ਤਾਰਿਆਂ ਨੇ ਹੀ ਆਸ ਦੀਆਂ ਕਿਰਨਾਂ ਬਿਖੇਰੀਆਂ । ਇਹਨਾਂ ਤਾਰਿਆਂ ਵਿੱਚ ਬੀਬੀ ਬਲਜੀਤ ਕੌਰ ਤੁਲਸੀ ਜੀ ਇੱਕ ਵੱਡਾ ਸਿਤਾਰਾ ਹਨ । ਉਹ ਸਰੀਰਕ ਰੂਪ ਵਿੱਚ ਵਿੱਛੜ ਗਏ ਹਨ ਪਰ ਸ਼ਬਦ ਰੂਪ ਵਿੱਚ ਹਮੇਸ਼ਾਂ ਸਾਡੇ ਕੋਲ ਹਨ । ਜਦੋਂ ਵੀ ਕਿਤੇ 'ਤੁਲਸੀ' ਸ਼ਬਦ ਆਉਂਦਾ ਹੈ ਤਾਂ ਮੇਰੇ ਜਿਹਨ ਵਿੱਚ ਉਹਨਾਂ ਦੇ ਸ਼ੁਬਕ ਤੇ ਸੁਘੜ ਜਿਹੇ ਸਰੀਰ ਦਾ ਬਿੰਬ ਬਣਦਾ ਹੈ ਤੇ ਉਹ ਕੁਰਸੀ ਤੇ ਝੁਕ ਕੇ ਬੈਠੇ ਬੁਲੰਦ ਪਰ ਮਿੱਠੀ ਪ੍ਰਭਾਵਸ਼ਾਲੀ ਅਵਾਜ਼ ਵਿੱਚ ਕਿਤੇ 'ਜਾਪ ਸਾਹਿਬ' ਦੇ ਕਾਵਿ-ਅਰਥ ਤੇ ਕਿਤੇ 'ਅਨੰਦ ਸਾਹਿਬ' ਤੇ ਕਿਤੇ 'ਤੁਲਸੀ ਕਹੇ ਸੁਨ ਰੀ ਸਖੀ' ਸੁਣਾਉਂਦੇ ਨਜ਼ਰ ਆਉਂਦੇ ਹਨ । ਜਦੋਂ ਉਹਨਾਂ ਕੋਲ ਬੈਠਦੇ ਸਾਂ ਤਾਂ ਘੜੀ ਦੀਆਂ ਸੂਈਆਂ ਰੁਕ ਜਾਂਦੀਆਂ ਸਨ । ਬਾਅਦ ਵਿੱਚ ਜਦੋਂ ਸਾਰੇ ਕੰਮ ਪਿੱਛੇ ਪੈ ਜਾਣੇ ਤਾਂ ਬੀਬੀ ਜੀ ਦੀਆਂ ਬਾਤਾਂ ਯਾਦ ਕਰ ਕਰ ਕੇ ਮਨ ਨੂੰ ਧਰਵਾਸ ਦੇਣੀ ।

ਘਰ ਵਿੱਚ ਜਾਂਦਿਆਂ ਪਹਿਲਾਂ ਉਹਨਾਂ ਦੇ ਪਤੀ ਆਦਰ-ਯੋਗ ਸ੍ਰ. ਗੁਰਚਰਨ ਸਿੰਘ ਜੀ 'ਤੁਲਸੀ' ਦੀ ਆਵਾਜ਼ ਕੰਨੀਂ ਪੈਂਦੀ ਸੀ ਜਿਹੜੇ ਹਰ ਸਮੇਂ ਗੁਰੂ ਗ੍ਰੰਥ ਸਾਹਿਬ ਤੋਂ ਉੱਚੀ ਉੱਚੀ ਬੋਲ ਕੇ ਪਾਠ ਕਰਦੇ ਹਨ । ਉਹਨਾਂ ਦੋਹਾਂ ਨੂੰ ਜਦੋਂ ਇੱਕ ਥਾਂ ਖੜੇ ਹੋਏ ਵੇਖਦੇ ਸਾਂ ਜਿੰਨੇ ਸ੍ਰ. ਗੁਰਚਰਨ ਸਿੰਘ ਜੀ ਸਰੀਰਕ ਤੌਰ ਲੰਮੇ, ਬੀਬੀ ਜੀ ਕੱਦ ਦੇ ਛੋਟੇ ਪਰ ਦੋਵੇਂ ਇੱਕ ਦੂਜੇ ਲਈ ਬਣੇ ਹੋਏ ਹਨ । ਸ੍ਰ. ਗੁਰਚਰਨ ਸਿੰਘ ਜੀ ਨੇ ਹਲਕੀਆਂ ਫੁਲਕੀਆਂ ਗੱਲਾਂ ਨਾਲ ਮਾਹੌਲ ਨੂੰ ਸਹਿਜ ਬਣਾਈ ਰੱਖਣਾ ।

ਮੈਨੂੰ ਉਹ ਦਿਨ ਚੰਗੀ ਤਰ੍ਹਾਂ ਯਾਦ ਹੈ ਜਦੋਂ ਪੰਜਾਬ ਵਿੱਚ ਹਰ ਪਾਸੇ ਘੋਰ-ਹਨੇਰਾ ਸੀ । ਅਸੀਂ ਸਾਰੇ ਨਿਰਾਸ਼ ਸਾਂ ਅਤੇ ਜੋ ਕੁਝ ਕਰਨ ਜੋਗੇ ਸਾਂ ਉਹ ਕਰਨ ਦਾ ਹੌਸਲਾ ਵੀ ਨਹੀਂ ਸਾਂ ਕਰ ਰਹੇ ਤਾਂ ਬੀਬੀ ਜੀ ਨੇ ਇੱਕ ਸਾਖੀ ਸੁਣਾਈ ਜਿਸ ਨੂੰ ਯਾਦ ਕਰਕੇ ਅਜੇ ਵੀ ਮੈਂ ਆਪਣੇ ਨਿੱਕੇ ਨਿੱਕੇ ਕੰਮ ਕਰਨ ਲੱਗ ਪੈਂਦਾ ਹਾਂ । ਬੀਬੀ ਜੀ ਕਿਹਾ-

ਇੱਕ ਵਾਰ ਬਾਬਰ ਨੇ ਲਾਹੌਰ ਤੇ ਹਮਲਾ ਕੀਤਾ ਤੇ ਲਾਹੌਰ ਨੂੰ ਅੱਗ ਲਾ ਦਿੱਤੀ । ਸਾਰੇ ਸਿਪਾਹੀਆਂ ਕਿਹਾ, ਕਿ "ਕੋਈ ਅੱਗ ਨੂੰ ਬੁਝਾਉਣ ਦੀ ਕੋਸ਼ਿਸ਼ ਨਾ ਕਰੇ ।" ਲਾਹੌਰ ਸੜਨ ਲੱਗਾ । ਗੁਰੂ ਨਾਨਕ ਜੀ ਦਾ ਇੱਕ ਸਿੱਖ ਭਾਈ ਤਾਰਾ ਆਪਣੀ ਮਸ਼ਕ ਲੈ ਕੇ ਰਾਵੀ ਤੋਂ ਪਾਣੀ ਲਿਆ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕਰਨ ਲੱਗਾ । ਸਿਪਾਹੀ ਉਸ ਨੂੰ ਅੱਗ ਬੁਝਾਉਣ ਤੋਂ ਰੋਕਦੇ ਪਰ ਉਹ ਨਾ ਰੁਕਿਆ । ਉਸ ਨੂੰ ਬਾਬਰ ਕੋਲ ਪੇਸ਼ ਕੀਤਾ ਗਿਆ । ਬਾਬਰ ਨੇ ਕਿਹਾ, "ਤੂੰ ਅੱਗ ਕਿਉਂ ਬੁਝਾਈ ?"

ਭਾਈ ਤਾਰਾ ਨੇ ਕਿਹਾ, "ਮੇਰੇ ਗੁਰੂ ਦਾ ਹੁਕਮ ਹੈ ਕਿ ਜਿੱਥੇ ਕਿਤੇ ਵੀ ਅੱਗ ਲੱਗੀ ਹੋਵੇ ਉਸ ਨੂੰ ਬੁਝਾਉਣਾ ਹੈ ।

ਬਾਬਰ ਨੇ ਪੁੱਛਿਆ, "ਜਦੋਂ ਸਾਰੀ ਸਰਕਾਰ ਅੱਗ ਲਗਾ ਰਹੀ ਹੋਵੇ ਤਾਂ ਤੇਰੇ ਇਕੱਲੇ ਦੇ ਬੁਝਾਉਣ ਨਾਲ ਬੁਝ ਜਾਵੇਗੀ ? ਜਦੋਂ ਬੁਝਣੀ ਹੀ ਨਹੀਂ ਤਾਂ ਫਿਰ ਜਤਨ ਕਿਉਂ ਕਰਨਾ ਹੈ !

ਭਾਈ ਤਾਰਾ ਨੇ ਕਿਹਾ, "ਮੈਂ ਆਪਣੇ ਵਿੱਤ ਅਨੁਸਾਰ ਜਿਨੀ ਕੁਝ ਬੁਝਾ ਸਕਦਾ ਹਾਂ, ਜ਼ਰੂਰ ਬੁਝਾਵਾਂਗਾ । ਮੈਂ ਆਪਣੇ ਗੁਰੂ ਦਾ ਹੁਕਮ ਨਹੀਂ ਮੋੜ ਸਕਦਾ ।" ਇਹ ਸਾਖੀ ਸੁਣਾ ਕੇ ਬੀਬੀ ਜੀ ਸਾਨੂੰ ਕਹਿਣ ਲੱਗੇ, "ਤੁਸੀਂ ਜੋ ਕੁਝ ਮਨੁੱਖਤਾ ਦੇ ਭਲੇ ਲਈ ਕਰ ਸਕਦੇ ਹੋ, ਜ਼ਰੂਰ ਕਰੋ ।"

ਬੀਬੀ ਜੀ ਸਾਰੀ ਉਮਰ ਕੁਝ ਨਾ ਕੁਝ ਲਿਖੀ ਗਏ ਤੇ ਸ੍ਰ. ਗੁਰਚਰਨ ਸਿੰਘ ਤੁਲਸੀ ਹੋਰੀਂ ਟ੍ਰਸਟ ਬਣਾ ਕੇ ਛਾਪੀ ਗਏ ।

ਜਦੋਂ ਅਸੀਂ 'ਅੰਮ੍ਰਿਤ ਕੀਰਤਨ' ਸ਼ੁਰੂ ਕੀਤਾ ਤਾਂ ਸ੍ਰ. ਗੁਰਚਰਨ ਸਿੰਘ ਤੁਲਸੀ ਹੋਰਾਂ ਨੇ ਬੀਬੀ ਜੀ ਨੂੰ ਲਾਈਫ ਮੈਂਬਰ ਬਣਾਇਆ ਤੇ ਸਮੇਂ ਸਮੇਂ ਸਾਡੀ ਮਾਇਆ ਨਾਲ ਸਹਾਇਤਾ ਕਰਦੇ ਰਹੇ । ਬੀਬੀ ਜੀ ਨੇ 'ਅੰਮ੍ਰਿਤ ਕੀਰਤਨ' ਲਈ ਵਿਸ਼ੇਸ਼ ਤੌਰ ਤੇ ਅਨੇਕਾਂ ਲੇਖ ਲਿਖੇ ।

ਬੀਬੀ ਜੀ ਦੇ ਸਾਰੇ ਦੇ ਸਾਰੇ ਮੈਂਬਰ ਆਪਣੇ ਆਪਣੇ ਖੇਤਰਾਂ ਵਿੱਚ ਉੱਚ ਪਦਵੀਆਂ ਦੇ ਧਾਰਨੀ ਹਨ । ਉਹਨਾਂ ਦੀ ਇੱਕ ਸਪੁੱਤਰੀ ਜਿਹੜੀ ਇੰਗਲੈਂਡ ਰਹਿੰਦੀ ਹੈ ਸੰਗੀਤ ਵਿੱਚ ਉੱਚੀ ਯੋਗਤਾ ਰੱਖਦੀ ਹੈ । ਜਦੋਂ ਅਸੀਂ ਇੰਗਲੈਂਡ ਗਏ ਸਾਂ ਤਾਂ ਉਹਨਾਂ ਸਾਡੀ ਬਹੁਤ ਸੇਵਾ ਕੀਤੀ ਸੀ । ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਸਾਨੂੰ ਸਾਰਿਆਂ ਨੂੰ ਬੀਬੀ ਜੀ ਦੀਆਂ ਭਾਵਨਾਵਾਂ ਦਾ ਆਦਰ ਕਰਨ ਦਾ ਬਲ ਬਖਸ਼ੇ ।

## ਭਾਗਵੰਤ ਕੌਰ

# ਕੀਰਤਨ ਦੀਆਂ ਚਾਰ ਪਉੜੀਆਂ

*1. ਸੁਣੀਐ*

*2. ਗਾਵੀਐ*

*3. ਮਨਿਐ*

*4. ਰਖੀਐ ਭਾਉ*

"ਮਾਂ ਜੀ, ਐ ਲੌ 'ਅੰਮ੍ਰਿਤ ਕੀਰਤਨ' ਦਾ ਪਰਚਾ ਜਿਸਦੀ ਆਪ ਜੀ ਨੂੰ ਉਡੀਕ ਰਹਿੰਦੀ ਹੈ । ਹੁਣੇ ਹੁਣੇ ਡਾਕੀਆਂ ਦੇ ਗਿਆ ਏ ।" "ਅੱਛਾ ਬੇਟਾ ਜੀ ।" "ਮਾਂ ਜੀ, ਇੱਕ ਗੱਲ ਦਸੋ 'ਅੰਮ੍ਰਿਤ ਕੀਰਤਨ' ਪਰਚਾ ਤਾਂ ਕੀਰਤਨ ਦੇ ਬਾਰੇ ਹੀ ਜਾਣਕਾਰੀ ਦੇਂਦਾ ਹੈ ਫਿਰ ਹਰ ਇੱਕ ਤਾਂ ਕੀਰਤਨ ਨਹੀਂ ਕਰ ਸਕਦਾ ਫਿਰ ਕੀਰਤਨ ਦੇ ਬਾਰੇ ਜਾਣਕਾਰੀ ਦਾ ਕੀ ਲਾਭ ? "ਬੇਟਾ ਜੀ, ਬਹੁਤ ਚੰਗਾ ਸਵਾਲ ਕੀਤਾ ਹੈ । ਕੀਰਤਨ ਦੇ ਮਾਇਨੇ ਹਨ ਵਾਹਿਗੁਰੂ ਦੀ ਕੀਰਤ ਕਰਨਾ, ਵਾਹਿਗੁਰੂ ਦੇ ਗੁਣ ਗਾਉਣਾ । ਕਰਤਾਰ ਦੇ ਗੁਣ (ਜਸ) ਗਾਉਣ ਦਾ ਨਾਂ ਹੀ ਕੀਰਤਨ ਹੈ । ਜ਼ਰੂਰੀ ਨਹੀਂ ਸੰਗੀਤ ਸਾਜ਼ਾਂ ਦੇ ਨਾਲ ਕੀਰਤਨ ਕੀਤਾ ਜਾਵੇ । ਛੈਣੇ ਅਤੇ ਢੋਲਕੀ ਨਾਲ ਵੀ ਕੀਰਤਨ ਹੋਂਦਾ ਹੈ । ਕੀਰਤਨ ਕਰਨ ਦਾ ਜੋ ਮਹਾਤਮ ਹੈ ਉਨਾਂ ਹੀ ਕੀਰਤਨ ਸੁਨਣ ਦਾ ਮਹਾਤਮ ਹੈ । ਅੱਜ ਮੈਂ ਤੁਹਾਨੂੰ ਕੀਰਤਨ ਸੁਣਨ ਦਾ ਮਹਾਤਮ ਸੁਨਾਦੀ ਹਾਂ । ਕੀਰਤਨ ਦੀ ਪਹਿਲੀ ਪਉੜੀ ਹੈ *'ਸੁਣੀਐ'* :

(1) ਕੰਨਾਂ ਰਾਹੀਂ ਸੁਣਨੇ ਕਰਕੇ, ਸੁਣਨ ਨਾਲ ਜੋ ਗਿਆਨ ਹੁੰਦਾ ਹੈ ਉਸ ਦਾ ਨਾਂ ਹੈ *'ਸੁਣੀਐ'* । ਸਭ ਤੋਂ ਪਹਿਲਾਂ ਸ਼ਬਦ ਰਾਹੀਂ ਸੁਣਨਾਂ ਹੋਂਦਾ ਹੈ । ਬੱਚਾ ਸਭ ਤੋਂ ਪਹਿਲਾਂ ਸੁਣਦਾ ਹੈ ਮਾਤਾ ਪਿਤਾ ਦੀ ਅਵਾਜ਼, ਹੋਰ ਸੰਬੰਧੀਆਂ ਦੀ ਆਵਾਜ਼ ।

ਫਿਰ ਆਵਾਜ਼ ਨੂੰ ਪਛਾਣ ਕੇ ਬੋਲਦਾ ਹੈ । ਸਕੂਲ ਜਾ ਕੇ ਮਾਸਟਰ ਜੀ ਦੇ ਪੜ੍ਹਾਏ ਜਾਂਦੇ ਪਾਠ ਨੂੰ ਸੁਣਦਾ ਹੈ । ਅੱਜ ਅਸੀਂ ਰੇਡਿਓ ਸੁਣਦੇ ਹਾਂ, ਟੀ.ਵੀ. ਵੇਖਦੇ ਹਾਂ ਤੇ ਗਾਇਨ ਨੂੰ ਸੁਣਦੇ ਹਾਂ, ਸ਼ਬਦ ਕੀਰਤਨ ਦੀਆਂ ਕੈਸਟਾਂ ਸੁਣਦੇ ਹਾਂ । ਗੁਰਦੁਆਰਿਆਂ ਵਿੱਚ 'ਆਸਾ ਦੀ ਵਾਰ' ਦਾ ਕੀਰਤਨ ਸੁਣਦੇ ਹਾਂ । ਭਾਵ ਅਸੀਂ ਸੁਣਦੇ ਜ਼ਿਆਦਾ ਹਾਂ ਵਾਹਿਗੁਰੂ ਨੇ ਵੀ ਸੁਣਨ ਕਰਕੇ ਦੋ ਕੰਨ ਦਿੱਤੇ ਹਨ ਇਸ ਕਰਕੇ ਵੱਡੇ ਲੋਕ ਸੁਣਦੇ ਜ਼ਿਆਦਾ ਹਨ, ਬੋਲਦੇ ਘੱਟ ਹਨ । *"ਬਹੁਤਾ ਬੋਲਣ ਝਖਣ ਹੋਇ"* । ਗੁਰੂ ਸਾਹਿਬਾਨ ਨੇ ਸੁਣਨ ਦੇ ਪਰਥਾਇ ਇਸ ਪ੍ਰਕਾਰ ਲਿਖਿਆ ਹੈ । ਜਪੁਜੀ ਸਾਹਿਬ ਵਿੱਚ ਸੁਣਿਐ ਦੀਆਂ ਚਾਰ ਪਉੜੀਆਂ ਹਨ ਅਤੇ ਉਸਦਾ ਮਹਾਤਮ ਦੱਸਿਆ ਹੈ ।

*ਪ੍ਰਮਾਣ ਵਜੋਂ* -

*1. ਸੁਣਿਐ ਪੋਹਿ ਨਾ ਸਕੈ ਕਾਲ (ਪਉੜੀ 8)*


**ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ ਪ੍ਰੋ. ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿੱਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ ।

ਇਹ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ ।

ਸੰਪਾਦਕ : ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ. ਤਾਰਾ ਸਿੰਘ । ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ
ਪ੍ਰਕਾਸ਼ਕ : ਅੰਮ੍ਰਿਤ ਕੀਰਤਨ ਟ੍ਰਸਟ ਕੀਮਤ: ਸਜਿਲਦ-70 ਰੁ. ਪੇਪਰ ਬੈਕ-50 ਰੁ.

422, ਸੈਕਟਰ 15-ਏ, ਚੰਡੀਗੜ੍ਹ-160 015

2. *ਸੁਣਿਐ ਮੁਖਿ ਸਾਲਾਹਣ ਮੰਦੁ (ਪਉੜੀ 9)*

3. *ਸੁਣਿਐ ਲਾਗੈ ਸਹਿਜ ਧਿਆਨ (ਪਉੜੀ 10)*

4. ਸੁਣਿਐ ਦੂਖ ਪਾਪ ਕਾ ਨਾਸ (ਪਉੜੀ 11)

ਫਿਰ ਗੁਰੂ ਜੀ ਫੁਰਮਾਉਂਦੇ ਹਨ :-

1. *ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ (1239)*

2. *ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ (1240)*

3. *ਨਾਇ ਸੁਣਿਐ ਨਾਉ ਊਪਜੈ, ਨਾਮੇ ਵਡਿਆਈ (1240)*

**ਪਉੜੀ (1240)**

*ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ ।*
*ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ ।*
*ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ ।*
*ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ ।*
*ਗੁਰਮਤੀ ਨਾਉ ਪਾਈਐ ਨਾਨਕ ਗੁਣ ਗਾਵੈ ।*

**ਪਉੜੀ (1240)**

*ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ ।*
*ਨਾਇ ਸੁਣਿਐ ਘਟਿ ਚਾਨਣਾ ਆਨੇਰੁ ਗਵਾਵੈ ।*
*ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ ।*
*ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੇ ।*
*ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ ।*

4. *ਨਾਮੁ ਸੁਣਤ ਜਮੁ ਦੂਰਹੁ ਭਾਗੈ (1150)*

ਮਹਾਰਾਜ ਕਹਿੰਦੇ ਹਨ-

5. *ਕੋਟਿ ਪੁੰਨ, ਸੁਣਿ ਹਰਿ ਕੀ ਬਾਣੀ (238)*

ਇਸ ਕਰਕੇ ਬੇਟਾ ਕੀਰਤਨ ਜ਼ਰੂਰ ਸੁਣਨਾ ਚਾਹੀਦਾ ਹੈ ।

(2) ਕੀਰਤਨ ਦੀ ਦੂਸਰੀ ਪਉੜੀ ਹੈ *'ਗਾਵੀਐ'* :-

ਗਾਵੀਐ ਤੋਂ ਭਾਵ ਹੈ ਰਸਨਾ ਰਾਹੀਂ ਕਰਤਾਰ ਦੇ ਜਸ, ਗੁਣਾ ਨੂੰ ਗਾਵਣਾ । ਹੁਣ ਮਹਾਰਾਜ ਗਾਉਣ ਦਾ ਮਹਾਤਮ ਦਸਦੇ ਹਨ :

1. *ਗੁਣ ਗਾਵਤ ਹੋਵਤ ਪਰਗਾਸੁ (90)*

2. *ਗੁਣ ਗੋਵਿੰਦ ਨਿਤ ਗਾਵੀਅਹਿ, ਅਵਗੁਣ ਕਟਣ ਹਾਰ (48)*

3. *ਗੁਣ ਗਾਵਤ ਮਨੁ ਹਰਿਆ ਹੋਵੈ ॥ ਕਥਾ ਸੁਣਤ ਮਲੁ ਸਗਲੀ ਖੋਵੈ* 104

4. *ਗੁਣ ਗਾਵਹੁ ਸੰਤ ਜੀਉ ਮੇਰੇ ਹਰਿ ਪ੍ਰਭ ਕੇਰੇ ਜੀਉ (175)*

5. *ਗੁਣ ਗਾਉ ਮਨਾ, ਅਚੁਤ ਅਬਿਨਾਸੀ, ਸਭ ਤੇ ਊਚ ਦਇਆਲਾ (249)*

6. *ਗੁਣ ਗੋਪਾਲ ਗਾਵਹੁ ਨਿਤ ਸਖੀਹੋ, ਸਗਲ ਮਨੋਰਥ ਪਾਏ ਰਾਮ (782)*

7. *ਗੁਣ ਗੋਪਾਲ ਉਚਰੁ ਰਸਨਾ, ਸਦਾ ਗਾਈਐ ਅਨਦਿਨੋ (784)*

8. *ਗੁਣ ਗਾਵੈ ਪੂਰਨ ਪਰਮੇਸਰ, ਕਾਰਜੁ ਆਇਆ ਰਾਸੇ (783)*


"ਅੰਮ੍ਰਿਤ ਕੀਰਤਨ" ਦੇ ਪੁਰਾਣੇ ਅੰਕ ਜਿਲਦ-ਰੂਪ ਵਿੱਚ ਪ੍ਰਾਪਤ ਕਰਨ ਲਈ ਸੰਪਰਕ ਕਰੋ ।

'ਅੰਮ੍ਰਿਤ ਕੀਰਤਨ' ਟ੍ਰਸਟ
422, ਸੈਕਟਰ 15-ਏ, ਚੰਡੀਗੜ੍ਹ

*9. ਗਾਵਤੇ ਉਧਰਹਿ, ਸੁਣਤੇ ਉਧਰਹਿ, ਬਿਨਸਹਿ ਪਾਪ ਘਨੇਰੇ* (802)

*10. ਕਹੁ ਨਾਨਕ ਗੁਣ ਗਾਈਅਹਿ ਨੀਤ, ਮੁਖ ਊਜਲ ਹੋਇ ਨਿਰਮਲ ਚੀਤ* (376)

ਅਗਲੀਆਂ ਪੰਕਤੀਆਂ ਵਿੱਚ ਨਾਨਕ ਪਾਤਸ਼ਾਹ ਵਾਹਿਗੁਰੂ ਪਾਸੋਂ ਗੁਣ ਗਾਂਵਾਂ ਦੀ ਅਰਦਾਸ ਕਰਦੇ ਹਨ ।

*11. ਦਿਨੁ ਭੀ ਗਾਵਉ, ਰੈਨੀ ਗਾਵਉ, ਗਾਵਉ ਸਾਸਿ ਸਾਸਿ ਰਸਨਾਰੀ* (401)

*12. ਦਇਆ ਕਰਹੁ ਠਾਕੁਰ ਪ੍ਰਭ ਮੇਰੇ, ਗੁਣ ਗਾਵੈ ਨਾਨਕੁ ਨਿਤ ਤੇਰੇ* (1144)

*13. ਬਿਨਵੰਤਿ ਨਾਨਕ ਦਇਆ ਧਾਰਹੁ ਸਦਾ ਹਰਿ ਗੁਣ ਗਾਵਾ* (778)

*14. ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ* (762)

ਇਸ ਕਰਕੇ ਬੇਟਾ ਜੀ ਵਾਹਿਗੁਰੂ ਦੇ ਗੁਣਾਂ ਦਾ ਗਾਇਨ ਕਰਨਾ ਭੀ ਜ਼ਰੂਰੀ ਹੈ ।

(3) ਕੀਰਤਨ ਦੀ ਤੀਸਰੀ ਪਉੜੀ ਹੈ *'ਮੰਨਿਐ'* :

*'ਮੰਨਿਐ'* ਤੋਂ ਭਾਵ ਹੈ ਮੰਨਣਾ, ਵਿਚਾਰ ਕਰਨਾ, ਚਿੰਤਨ ਕਰਨਾ, ਅਭਿਆਸ ਕਰਕੇ ਮਨ ਵਿਚ ਧਾਰਨ ਕਰਨਾ । ਵਾਹਿਗੁਰੂ ਦਾ ਨਾਂ ਸੁਣਕੇ, ਗਾਇਨ ਕਰਕੇ ਮਨ ਵਿਚ ਧਾਰਨ ਨਹੀਂ ਕੀਤਾ ਤਾਂ ਕੋਈ ਫਾਇਦਾ ਨਹੀਂ । ਜਪੁ ਜੀ ਸਾਹਿਬ ਵਿਚ ਜੋ ਵਾਹਿਗੁਰੂ ਦੇ ਹੁਕਮ ਨੂੰ ਮੰਨਦਾ ਹੈ ਉਸਦੀ ਅਵਸਥਾ ਦੇ ਬਾਰੇ ਦੱਸਿਆ ਹੈ ।

*1. ਮੰਨੇ ਕੀ ਗਤਿ ਕਹੀ ਨਾ ਜਾਇ (ਪਉੜੀ 12)*
*2. ਮੰਨੈ ਜਮ ਕੈ ਸਾਥਿ ਨਾ ਜਾਇ (ਪਉੜੀ 13)*
*3. ਮੰਨੈ ਪਤਿ ਸਿਉ ਪਰਗਟ ਜਾਇ (ਪਉੜੀ 14)*
*4. ਮੰਨੈ ਪਾਵਹਿ ਮੋਖੁ ਦੁਆਰੁ (ਪਉੜੀ 15)*

ਇਸ ਤਰ੍ਹਾਂ ਭਾਣਾ, ਹੁਕਮ ਮੰਨ ਕੇ ਜੀਵ ਮੋਖ ਦੁਆਰ ਤਕ ਪਹੁੰਚ ਜਾਂਦਾ ਹੈ । ਅਗਲੀਆ ਤੁਕਾਂ ਵਿੱਚ ਗੁਰੂ ਮਨਣ ਦਾ ਮਹਾਤਮ ਦਸ ਰਹੇ ਹਨ :

**ਪਉੜੀ (1241)**

*ਨਾਇ ਮੰਨਿਐ ਸੁਖ ਊਪਜੈ, ਨਾਮੇ ਗਤਿ ਹੋਈ*
*ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ*
*ਨਾਇ ਮੰਨਿਐ ਭਵਜਲ ਲੰਘੀਐ ਫਿਰਿ ਬਿਘਨੁ ਨਾ ਹੋਈ*
*ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ*
*ਨਾਨਕ ਸਤਿਗੁਰਿ ਮਿਲਿਐ, ਨਾਉ ਮਨੀਐ ਜਿਨ ਦੇਵੈ ਸੋਈ ।*

**ਪਉੜੀ (1241)**

*ਨਾਇ ਮੰਨਿਐ ਕੁਲ ਉਧਰੈ ਸਭ ਕੁਟੰਬੁ ਸਬਾਇਆ*
*ਨਾਇ ਮੰਨਿਐ ਸੰਗਤਿ ਉਧਰੈ ਜਿਨ ਰਿਦੈ ਵਸਾਇਆ*
*ਨਾਇ ਮੰਨਿਐ ਸੁਣਿ ਉਧਰੈ ਜਿਨ ਰਸਨ ਰਸਾਇਆ*
*ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ*
*ਨਾਨਕ ਨਾਮੁ ਤਿਨੀ ਸਲਾਹਿਆ ਜਿਨ ਗੁਰੂ ਮਿਲਾਇਆ ।*

**ਪਉੜੀ (1242)**

*ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ*
*ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ*
*ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖ ਪਾਇਆ*

*ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ*
**"ਗੁਰਸਿੱਖ ਸੰਜੋਗ"**
(ਪੰਦਰਾ-ਰੋਜ਼ਾ ਪੱਤਰ)
*ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ, ਪੂਸਾ ਰੋਡ, ਨਵੀਂ ਦਿੱਲੀ-110 060 ਫੋਨ : 5735955*

**ਜ਼ਰੂਰੀ ਬੇਨਤੀ**

*ਮਨੀਆਰਡਰ ਭੇਜਣ ਸਮੇਂ ਸੁਨੇਹੇ ਵਾਲੀ ਚਿੱਟ ਤੇ ਆਪਣਾ ਨਾਮ, ਪੂਰਾ ਪਤਾ, ਰਕਮ, ਮੰਤਵ ਅਤੇ ਪੁਰਾਣੇ ਮੈਂਬਰ ਆਪਣਾ ਚਿੱਟ ਨੰਬਰ ਜਰੂਰ ਲਿਖਣ ਦੀ ਕਿਰਪਾ ਕੀਤਾ ਕਰਨ ਜੀ ।*
**ਸੰਪਾਦਕ**

*ਨਾਇ ਮੰਨਿਆ ਸਾਂਤਿ ਊਪਜੈ ਹਰਿ ਮੰਨਿ ਵਸਾਇਆ*
*ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ।*

*ਪਉੜੀ (1242)*

*ਨਾਇ ਮੰਨਿਐ ਸੁਰਤਿ ਊਪਜੈ ਨਾਮੇ ਗਤਿ ਹੋਈ*
*ਨਾਇ ਮੰਨਿਐ ਗੁਣ ਉਚਰੈ ਨਾਮੇ ਸੁਖਿ ਸੋਈ*
*ਨਾਇ ਮੰਨਿਐ ਭ੍ਰਮ ਕਟੀਐ ਫਿਰਿ ਦੂਖ ਨ ਹੋਈ*
*ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ*
*ਨਾਨਕ ਪੂਰੇ ਗੁਰ ਤੇ ਨਾਉ ਮੰਨੀਐ ਜਿਨ ਦੇਵੈ ਸੋਈ ।*

ਬੇਟਾ ਜੀ, ਜੋ ਵਾਹਿਗੁਰੂ ਦਾ ਨਾਂ ਸੁਣ ਕੇ ਮਨਨ ਕਰਦੇ ਹਨ ਵਾਹਿਗੁਰੂ ਉਨ੍ਹਾਂ ਦੇ ਹਿਰਦੇ ਵਿਚ ਵਾਸਾ ਕਰਦਾ ਹੈ ।

*ਜਿਨੀ ਸੁਣ ਕੈ ਮੰਨਿਆ, ਤਿਨਾ ਨਿਜ ਘਰਿ ਵਾਸੁ (27)*

(4) ਕੀਰਤਨ ਦੀ ਚਉਥੀ ਪਉੜੀ ਹੈ *'ਰਖਿਐ ਭਾਉ' :*

ਭਾਉ ਦਾ ਅਰਥ ਹੈ ਪ੍ਰੇਮ, ਸਨੇਹ, ਮੁਹੱਬਤ, ਪ੍ਰੀਤ, ਅਨੁਰਾਗ । ਪ੍ਰੇਮ ਪ੍ਰਭੂ ਦਾ ਸਰੂਪ ਹੈ (Love is God) ਜੇ ਪ੍ਰੇਮਾ ਭਗਤੀ ਕੀਤੀ ਜਾਵੇ ਤਾਂ ਵਾਹਿਗੁਰੂ ਆਪਣੇ ਭਗਤਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ,

*ਜਿਨਾਂ ਗੁਰਮੁਖਿ ਅੰਦਰਿ ਨੇਹੁ, ਤੈ ਪ੍ਰੀਤਮ ਸਚੈ ਲਾਇਆ*
*(1422)*

*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ*
(ਤ੍ਵ ਪ੍ਰਸਾਦਿ ਸਵੱਯੇ)

ਫਿਰ ਆਪ ਉਨ੍ਹਾਂ ਤੋਂ ਜਸ ਸੁਣ ਕੇ ਮੋਹਿਆ ਜਾਂਦਾ ਹੈ ਭਾਵ ਠਗਿਆ ਜਾਂਦਾ ਹੈ -

*ਜੋ ਤਉ ਕੀਨੇ ਆਪਣੇ ਤਿਨਾ ਕੂੰ ਮਿਲਿਓਹਿ ।*
*ਆਪੇ ਹੀ ਆਪਿ ਮੋਹਿਓਹਿ ਜਸ ਨਾਨਕ ਆਪਿ ਸੁਣਿਓਹਿ (81)*

ਇਹ ਪਿਆਰ (ਸਿਮਰਨ ਭਗਤੀ) ਭੀ ਪ੍ਰਭੂ ਆਪ ਹੀ ਬਖਸ਼ਦਾ ਹੈ ।

*ਆਪੇ ਮੇਲੇ ਆਪਿ ਮਿਲਾਏ, ਆਪਣਾ ਪਿਆਰ ਆਪੇ ਲਾਏ । (1016)*

ਬੇਟਾ ਆਵਤ ਸਿੰਘ ਇਸ ਪੂਰੇ ਲੇਖ ਦਾ ਭਾਵ :

ਜਪੁਜੀ ਦੀ ਪਉੜੀ 5- *ਗਾਵੀਐ ਸੁਣੀਐ ਮਨਿ ਰਖੀਐ ਭਾਉ* ਅਤੇ

ਜਪੁਜੀ ਦੀ ਪਉੜੀ-21 *ਸੁਣਿਆ ਮੰਨਿਆ, ਮਨਿ ਕੀਤਾ ਭਾਉ* ਹੀ ਹੈ ।

ਅਰਦਾਸ ਕਰੀਏ- *ਇਹ ਲੋਕ ਸੁਖੀਏ ਪਰਲੋਕ ਸੁਹੇਲੇ*

*ਨਾਨਕ ਹਰਿ ਪ੍ਰਭ ਆਪਹਿ ਮੇਲੇ ॥* ਸੁਖਮਨੀ ਸਾਹਿਬ
(ਅਸ਼ਟਪਦੀ -22)

## ਜ਼ਰੂਰੀ ਬੇਨਤੀ

*ਜੇ ਤੁਹਾਡੇ ਕੋਲ 'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ ਪਏ ਹਨ ਅਤੇ ਤੁਸੀਂ ਉਹਨਾਂ ਦੀ ਲੋੜ ਨਹੀਂ ਸਮਝਦੇ ਤਾਂ ਸਾਨੂੰ ਭੇਜਣ ਦੀ ਕਿਰਪਾ ਕਰਨੀ ।*

ਸੰਪਾਦਕ

## *'ਅੰਮ੍ਰਿਤ ਕੀਰਤਨ' 15 ਪੈਸੇ ਵਿੱਚ*

*ਜੇ ਆਪਣੀ ਆਰਥਿਕ ਤੰਗੀ ਕਾਰਨ ਤੁਸੀਂ ਪੂਰਾ ਚੰਦਾ ਨਹੀਂ ਭੇਜ ਸਕਦੇ ਤਾਂ ਹਰ ਮਹੀਨੇ 10 ਰੁ. ਭੇਜ ਦਿਓ । ਜੇ ਇਹ ਵੀ ਭੇਜਣ ਤੋਂ ਮਜ਼ਬੂਰ ਹੋ ਤਾਂ 15 ਪੈਸੇ ਦਾ ਪੋਸਟ ਕਾਰਡ ਭੇਜੋ, ਅਸੀਂ ਤੁਹਾਨੂੰ ਉਸ ਮਹੀਨੇ ਦਾ 'ਅੰਮ੍ਰਿਤ ਕੀਰਤਨ' ਭੇਜ ਦਿਆਂਗੇ ।*

## ਡਾ. ਜਸਵਿੰਦਰ ਭੁੱਲਰ

# ਸਿੱਖ ਸ਼ਾਸਤਰੀ ਸੰਗੀਤ ਕਲਾ

ਵਿਭਿੰਨ ਲਲਿਤ ਕਲਾਵਾਂ ਵਿਚ ਸੰਗੀਤ ਕਲਾ ਦਾ ਨਿਵੇਕਲਾ ਅਤੇ ਵਿਸ਼ਿਸ਼ਟ ਸਥਾਨ ਹੈ । ਸੰਗੀਤ ਮੂਲ ਰੂਪ ਵਿੱਚ ਉਹ ਖੁਸ਼ੀ ਹੈ, ਜੋ ਮਨੁੱਖੀ ਆਤਮਾ ਨੂੰ ਇੱਕ ਵਿਚਿੱਤਰ ਸ਼ਕਤੀ ਰਾਹੀਂ ਉਸ ਦੀ ਮਾਨਸਿਕ ਭੁੱਖ ਦੀ ਤ੍ਰਿਪਤੀ ਕਰਨ ਦੀ ਸਮਰੱਥਾ ਰੱਖਦੀ ਹੈ । ਸੰਗੀਤ ਇਸ ਪੱਖ ਤੋਂ ਵੀ ਮਹੱਤਤਾ ਦਾ ਲਖਾਇਕ ਹੈ ਕਿ ਇਸ ਰਾਹੀਂ ਆਤਮਾ ਤੇ ਪਰਮਾਤਮਾ ਦਾ ਸਬੰਧ ਸਥਾਪਿਤ ਹੁੰਦਾ ਹੈ । ਸੰਗੀਤ ਦੀਆਂ ਸੁਰ ਲਹਿਰਾਂ ਕਿਸੇ ਜਾਤੀ ਵਿਸ਼ੇਸ਼ ਨੂੰ ਹੀ ਨਹੀਂ ਬਲਕਿ ਸਮੁੱਚੀ ਮਾਨਵਤਾ ਨੂੰ ਪ੍ਰਭਾਵਿਤ ਕਰਦੀਆਂ ਹਨ ।

ਸੰਗੀਤ ਕਲਾ ਦੇ ਇਤਿਹਾਸਕ ਪਿਛੋਕੜ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਮੁਗਲ ਕਾਲ ਵਿੱਚ ਸੰਗੀਤ ਨੂੰ ਦੁਨਿਆਵੀ ਪੱਧਤੀ ਭਾਵ ਸ਼ਿੰਗਾਰਕ ਰੁਚੀਆਂ ਪ੍ਰਾਪਤ ਸਨ । ਸਿੱਖ ਕਾਲ ਦੌਰਾਨ ਸੰਗੀਤ ਦਾ ਵਿਸ਼ੇਸ਼ ਵਿਕਾਸ ਹੋਇਆ । ਇਸ ਸਮੇਂ ਇਸ ਕਲਾ ਨੂੰ ਸਰਕਾਰੀ ਸਰਪ੍ਰਸਤੀ ਪ੍ਰਾਪਤ ਸੀ । ਉਸ ਸਮੇਂ ਦਾ ਕਵੀ ਅਮੀਰ ਖੁਸਰੋ ਇੱਕ ਪ੍ਰਸਿੱਧ ਸੰਗੀਤਕਾਰ ਮੰਨਿਆ ਗਿਆ ਹੈ । ਖਿਲਜੀ ਵੰਸ਼ ਦੇ ਰਾਜ-ਕਾਲ ਵਿੱਚ ਦੀਪਾਲਪੁਰ, ਸਮਾਣਾ, ਸੁਨਾਮ, ਸਰਹੰਦ, ਲਾਹੌਰ, ਮੁਲਤਾਨ ਅਤੇ ਸ਼ਿਵਾਲਕ ਦੇ ਖੇਤਰ ਵਿੱਚ ਸੰਗੀਤ ਕੇਂਦਰ ਸਥਾਪਿਤ ਸਨ । ਇਸ ਕਾਲ ਵਿੱਚ ਹੀ ਗੁਰੂ ਨਾਨਕ ਦੇਵ ਜੀ ਨੇ ਵਿਸ਼ੇਸ਼ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਅਤੇ ਉਸ ਦੇ ਗਾਇਨ ਲਈ ਇੱਕ ਵਾਦਯ 'ਰਬਾਬ' ਦੀ ਸਹਾਇਤਾ ਲਈ ।

ਪੰਜਾਬ ਦੀ ਸੰਗੀਤ ਕਲਾ ਦੇ ਖੇਤਰ ਵਿਚ ਦੋ ਮਹੱਤਵਪੂਰਨ ਸੰਗੀਤ ਪ੍ਰਣਾਲੀਆਂ ਅਰਥਾਤ ਪਰੰਪਰਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ । ਇੱਕ ਨੂੰ ਸ਼ਾਸਤਰੀ ਸੰਗੀਤ ਪੱਧਤੀ (ਸ਼ੈਲੀ) ਅਤੇ ਦੂਸਰੀ ਪਰੰਪਰਾ ਨੂੰ ਲੋਕ ਸੰਗੀਤ ਦਾ ਨਾਂ ਦਿੱਤਾ ਜਾਂਦਾ ਹੈ । ਸਿੱਖ ਸੰਗੀਤ ਕਲਾ, ਦਰਅਸਲ ਸ਼ਾਸਤਰੀ ਸੰਗੀਤ ਕਲਾ ਹੈ । ਸ਼ਾਸਤਰੀ ਸੰਗੀਤ ਨੂੰ ਨਿਯਮਬੱਧ ਅਤੇ ਕਲਾਤਮਿਕ ਸਵੀਕਾਰਿਆ ਗਿਆ ਹੈ । ਇਸ ਸਬੰਧੀ ਇਹ ਕਿਹਾ ਗਿਆ ਹੈ ਕਿ ਇਹ ਸਾਮਵੇਦ ਵਿਚਲੇ ਸੰਗੀਤ ਨਾਲੋਂ ਮਹੱਤਵਪੂਰਨ ਹੈ ਪਰ ਇਸ ਦਾ ਪ੍ਰਭਾਵ ਅਤੇ ਇਸ ਦਾ ਗਿਆਨ ਖੇਤਰ ਕੇਵਲ ਅਲਪ-ਸੰਖਿਅਕ ਲੋਕਾਂ ਤੱਕ ਹੀ ਸੀਮਤ ਹੈ । ਪੰਜਾਬੀ ਸਭਿਆਚਾਰ ਵਿਸ਼ੇਸ਼ ਰੂਪ ਵਿਚ ਪੇਂਡੂ ਸਭਿਆਚਾਰ ਹੈ ਅਤੇ ਵਧੇਰੇ ਲੋਕ ਅਸਿੱਖਿਅਕ ਹੋਣ ਕਾਰਨ ਅਜਿਹੇ ਸ਼ਾਸਤਰੀ ਗਿਆਨ ਤੋਂ ਵੰਚਿਤ ਹੀ ਰਹੇ ਹਨ ।

ਸ਼ਾਸਤਰੀ ਸੰਗੀਤ ਦੀ ਆਪਣੀ ਨਿੱਜੀ ਵਿਸ਼ੇਸ਼ਤਾ ਹੈ, ਇਸ ਦੇ ਆਪਣੇ ਵਿਅਕਤੀਗਤ ਪ੍ਰਮਾਣਿਕ ਮੁੱਲ-ਵਿਧਾਨ ਹਨ ਜਿਨ੍ਹਾਂ ਦੀ ਸੀਮਾ ਅਤੇ ਸੰਭਾਵਨਾ ਦੇ ਅੰਤਰਗਤ ਹੀ ਇਸ ਨੂੰ ਗਾਇਆ ਜਾਂਦਾ ਹੈ । ਇਸ ਪ੍ਰਸੰਗ ਵਿਚ ਇਹ ਕਿਹਾ ਜਾਂਦਾ ਹੈ ਕਿ ਸ਼ਾਮਵੇਦ ਦੇ ਮੰਤਰਾਂ ਤੋਂ ਸ਼ਾਸਤਰੀ ਸੰਗੀਤ ਦੇ ਰਾਗਾਂ ਦੀ ਉਤਪਤੀ

*ਜੋ ਚਾਹਤ ਸੋਈ ਫਲ ਪਾਇਆ ।*
*ਤਬ ਢੂੰਡਨ ਕਹਾ ਕੋ ਜਾਇਆ ।*
*ਗਉੜੀ ਮਹਲਾ ੫, ਪੰਨਾ 202*

*ਜੋ ਜੋ ਚਿਤਵੈ ਦਾਸੁ ਹਰਿ ਮਾਈ ।*
*ਸੋ ਸੋ ਕਰਤਾ ਆਪ ਕਰਾਈ*
*ਗਉੜੀ ਮਹਲਾ ੫, ਪੰਨਾ 203*

ਹੋਈ । ਇਨ੍ਹਾਂ ਰਾਗਾਂ ਦੀਆਂ ਕਈ ਕਿਸਮਾਂ ਹਨ ਜਿਵੇਂ ਭੈਰੋਂ, ਦੀਪਕ, ਸ੍ਰੀ ਰਾਗ, ਮੇਘ, ਮਾਲਕੌਂਸ, ਮਲ੍ਹਾਰ, ਹਿੰਡੋਲ ਆਦਿ । ਇਨ੍ਹਾਂ ਰਾਗਾਂ ਦੀਆ ਅੱਗੋਂ ਪੰਜ ਰਾਗਣੀਆਂ ਅਤੇ ਅੱਠ ਉਪਭਾਗ ਹੁੰਦੇ ਹਨ ।

ਸ਼ਾਸਤਰੀ ਸੰਗੀਤ ਦਾ ਮਹੱਤਵਪੂਰਨ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ, ਜੋ 31 ਰਾਗਾਂ 'ਤੇ ਆਧਾਰਿਤ ਹੈ । ਬਾਣੀ ਰਚਨਾ ਪੱਧਰ ਤੋਂ ਵਿਚਾਰ ਪ੍ਰਧਾਨ ਹੋਣ ਦੇ ਨਾਲ ਨਾਲ ਰੂਪ ਦੀ ਪੱਧਰ ਉਤੇ ਵੀ ਇਹ ਰਚਨਾ ਰਾਗ ਪ੍ਰਧਾਨ ਹੈ । ਗੁਰੂ ਕਵੀਆਂ ਨੇ ਵਿਭਿੰਨ ਰਾਗਾਂ ਤੇ ਰਾਗਣੀਆਂ ਨੂੰ ਆਪਣੀ ਰਚਨਾ ਦਾ ਅਧਾਰ ਬਣਾਇਆ । ਗੁਰੂ ਕਾਲ ਵਿੱਚ ਪ੍ਰਚੱਲਿਤ ਵਿਅਕਤੀਗਤ ਗਾਇਨ ਰੀਤੀ ਨੇ ਸਮੂਹ ਗਾਇਨ ਦੀ ਪਿਰਤ ਪਾਈ ਤੇ ਸਿੱਖ ਮਾਰਗੀ ਸੰਗੀਤ ਪੱਧਤੀ ਸ਼ਬਦ ਕੀਰਤਨ ਘਰਾਣੇ ਦੀ ਨੀਂਹ ਰੱਖੀ ਗਈ । ਗੁਰਮਤਿ ਦੇ ਖੇਤਰ ਵਿੱਚ ਕੀਰਤਨ ਪਰੰਪਰਾ ਵੀ ਬਾਣੀ ਦੀ ਸੰਗੀਤ ਸਾਧਨਾ ਦਾ ਹੀ ਵਿਕਸਿਤ ਰੂਪ ਹੈ ।

ਗੁਰਮਤਿ ਸੰਗੀਤ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿੱਚ ਵਿਭਿੰਨ ਰਾਗਾਂ ਵਿੱਚ 976 ਸ਼ਬਦ ਅੰਕਿਤ ਹਨ ਜਿਵੇਂ ਰਾਗ ਸ੍ਰੀ, ਮਾਝ, ਗਉੜੀ ਗੁਆਰੇਰੀ, ਦੀਪਕੀ, ਆਸਾ, ਗੂਜਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਤੁਖਾਰੀ, ਭੈਰੋਂ, ਬਸੰਤ, ਹਿੰਡੋਲ, ਸਾਰੰਗ, ਮਲ੍ਹਾਰ ਅਤੇ ਪ੍ਰਭਾਤੀ ।

ਸਿੱਖ ਕਾਲ ਦੇ ਸੰਗੀਤ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਅਨੁਸਾਰ ਸੰਗੀਤ ਨੂੰ ਪ੍ਰਭੂ ਭਗਤੀ ਦਾ ਸਾਧਨ ਬਣਾਇਆ ਗਿਆ । ਇੱਥੇ ਭਾਰਤੀ ਸੰਗੀਤ ਦੀ ਇੱਕ ਨਵੀਨ ਸੰਗੀਤ ਸ਼ੈਲੀ ਦਾ ਇੱਕ ਨਵਾਂ ਯੁੱਗ ਸ਼ਾਸਤਰੀ ਅਤੇ ਦੇਸੀ ਸੰਗੀਤ ਦੇ ਮਿਸ਼ਰਣ ਦੁਆਰਾ ਆਰੰਭ ਹੋਇਆ । ਸੰਗੀਤ ਦੇ ਪਰਿਭਾਸ਼ਤ ਸ਼ਬਦਾਂ ਦੀ ਚਿੰਨ੍ਹਾਤਮਕ ਵਰਤੋਂ ਇਸ ਕਾਲ ਦੇ ਸੰਗੀਤ ਦੁਆਰਾ ਹੋਈ ।

ਸਿੱਖ ਸੰਗੀਤ ਵਿੱਚ ਰਾਗਾਂ ਦਾ ਗਾਇਨ ਇੱਕ ਚੌਂਕੀ ਦੁਆਰਾ ਹੁੰਦਾ ਹੈ ਜਿਸ ਵਿੱਚ ਇੱਕ ਮੁੱਖ ਗਾਇਕ, ਦੋ ਸਾਥੀ ਤੇ ਇੱਕ ਤਬਲਾ ਵਾਦਕ ਸ਼ਾਮਲ ਹੁੰਦਾ ਹੈ । ਕੀਰਤਨ ਸ਼ੈਲੀ ਸ਼ਬਦ ਪ੍ਰਧਾਨ ਹੁੰਦੀ ਹੈ ਜਿਸ ਨੂੰ ਵੱਖ ਵੱਖ ਸਾਜ਼ਾਂ ਜਿਵੇਂ ਰਬਾਬ, ਸਾਰੰਗਾ, ਤਾਊਸ, ਦਿਲਰੁਬਾ, ਮਿਰਦੰਗ, ਪਖਾਵਜ, ਮੰਜੀਰਾ, ਢੋਲਕੀ, ਤੰਬੂਰਾ, ਤਬਲਾ, ਜੋੜੀ ਦੀ ਵਰਤੋਂ ਦੁਆਰਾ ਗਾਇਆ ਜਾਂਦਾ ਹੈ ।

ਗੁਰਮਤਿ ਕੀਰਤਨ ਪਰੰਪਰਾ ਵਿੱਚ ਵਾਦਨ ਦਾ ਮਹੱਤਵ ਨਹੀਂ । ਗੁਰਮਤਿ ਸੰਗੀਤ ਵਿੱਚ ਸ਼ਬਦ ਗਾਇਨ ਮੁੱਖ ਅਤੇ ਵਾਦਨ ਨੂੰ ਗਾਇਨ ਦੇ ਅਧੀਨ ਰੱਖਿਆ ਗਿਆ ਹੈ । ਗੁਰੂ ਗੋਬਿੰਦ ਸਿੰਘ ਦੀ ਰਚਨਾ 'ਦਸਮ ਗ੍ਰੰਥ' ਵਿਚ 7 ਪ੍ਰਕਾਰ ਦੇ ਸੰਗੀਤ ਛੰਦ ਹਨ ਜਿਨ੍ਹਾਂ ਦਾ ਪਾਠ ਲੈਅ, ਤਾਲ ਦਾ ਧਿਆਨ ਰੱਖ ਕੇ ਕੀਤਾ ਜਾਂਦਾ ਹੈ ।

ਪ੍ਰਸਿੱਧ ਢਾਡੀ, ਭੱਟਾਂ ਅਤੇ ਕੀਰਤਨੀਆਂ ਨੇ ਜੋ ਗੁਰੂ ਘਰ ਨਾਲ ਸਬੰਧਿਤ ਸਨ, ਸ਼ਾਸਤਰੀ ਸੰਗੀਤ ਦੀ ਸਥਾਪਨਾ ਕੀਤੀ ਜਿਵੇਂ ਭਾਈ ਮਰਦਾਨਾ, ਸੱਤਾ, ਬਲਵੰਡ ਅਤੇ ਗੁਰੂ ਹਰਗੋਬਿੰਦ ਜੀ ਦੇ ਦਰਬਾਰ ਦੇ ਪ੍ਰਸਿੱਧ ਸੰਗੀਤਕਾਰ ਤੇ ਕਵੀ ਭਾਈ ਬਾਬਕ , ਭਾਈ ਅਬਦੁੱਲਾ ਨੱਥਾਮਲ, ਇਸ ਦੇ ਨਾਲ ਹੀ ਭਾਈ ਗੁਲਾਬ ਰਾਇ, ਭਾਈ ਰਾਜਾ, ਭਾਈ ਮਨਸੂਦ, ਭਾਈ ਚਾਂਦ, ਭਾਈ ਹੀਰਾ ਸਿੰਘ, ਭਾਈ ਸੰਤਾ ਸਿੰਘ ਆਦਿ ਪ੍ਰਸਿੱਧ ਰਬਾਬੀ ਕੀਰਤਨੀਆਂ ਨੇ ਪੰਜਾਬ ਦੀ ਸੰਗੀਤ ਕਲਾ; ਵਿਸ਼ੇਸ਼ਕਰ ਸਿੱਖ ਸ਼ਾਸਤਰੀ ਸੰਗੀਤ ਕਲਾ ਵਿਚ ਭੂਮਿਕਾ ਨਿਭਾਈ ।


**The Sikh Courier**

88 Mollison Way, Edgware Middlesex
(Greator London) U.K.

**The Sikh Review**

116 Karnani Mansion
25-A, Park Steet, Calcutta 700016

# ਸੰਗੀਤ ਸਿੱਖਿਆ

## ਪਰਿਭਾਸ਼ਾਵਾਂ

ਰਾਗ : ਰਾਗ, ਸੰਗੀਤ ਸ਼ਾਸਤਰ ਦੇ ਨਿਯਮਾਂ ਅਨੁਸਾਰ ਸੁਰਾਂ ਤੋਂ ਬਣੀ ਉਹ ਰਚਨਾ ਹੈ ਜੋ ਸੁਣਨ ਵਿਚ ਅਨੰਦ ਦਿੰਦੀ ਹੈ । ਰਾਗ ਦੇ ਕੁਝ ਖਾਸ ਨਿਯਮ ਹੇਠ ਲਿਖੇ ਹਨ :

1. ਰਾਗ ਵਿੱਚ ਘੱਟੋ ਘੱਟ 5 ਸੁਰ ਹੋਣੇ ਚਾਹੀਦੇ ਹਨ ।
2. ਰਾਗ ਵਿੱਚ ਅਰੋਹ ਅਤੇ ਅਵਰੋਹ ਹੋਣੇ ਜ਼ਰੂਰੀ ਹਨ ।
3. ਰਾਗ ਵਿੱਚ ਵਾਦੀ ਸੰਵਾਦੀ ਸੁਰਾਂ ਦਾ ਹੋਣਾ ਜ਼ਰੂਰੀ ਹੈ ।
4. ਰਾਗ ਵਿੱਚ ਸ਼ਡਜ਼ ਸੁਰ ਕਦੇ ਵਰਜਿਤ ਨਹੀਂ ਹੁੰਦਾ । ਇਹ ਸੁਰ ਅਧਾਰ ਸੁਰ ਮੰਨਿਆ ਜਾਂਦਾ ਹੈ ।
5. ਰਾਗ ਵਿੱਚ ਮੱਧਮ ਅਤੇ ਪੰਚਮ ਸੁਰ ਇੱਕੋ ਸਮੇਂ ਵਰਜਿਤ ਨਹੀਂ ਹੋ ਸਕਦੇ ।
6. ਰਾਗ ਗਾਉਣ ਸਮੇਂ ਮਨੋਰੰਜਨ ਹੋਣਾ ਜ਼ਰੂਰੀ ਹੈ ।
7. ਰਾਗ ਦੀ ਪਛਾਣ ਲਈ ਇੱਕ ਵਿਸ਼ੇਸ਼ ਸੁਰ ਸਮੂਹ ਜਿਸ ਨੂੰ ਪਕੜ ਕਿਹਾ ਜਾਂਦਾ ਹੈ ਹੋਣਾ ਜ਼ਰੂਰੀ ਹੈ ।

### ਅਰੋਹ

ਪਹਿਲੇ ਸਪਤਕ ਦੇ ਸਾ ਤੋਂ ਦੂਜੀ ਸਪਤਕ ਭਾਵ ਮੰਦਰ ਤੋਂ ਮੱਧ ਸਪਤਕ ਜਾਂ ਮੱਧ ਤੋਂ ਤਾਰ ਸਪਤਕ ਦਾ ਸਾ ਵੱਲ ਜਾਂਦੇ ਸੁਰਾਂ ਦੇ ਸਿਲਸਲੇ ਨੂੰ ਅਰੋਹ ਕਹਿੰਦੇ ਹਨ ਜਿਵੇਂ :

ਸਾ ਰੇ ਗਾ ਮਾ ਪਾ ਧਾ ਨੀ ਸਾਂ

### ਅਵਰੋਹ

ਉਪਰਲੇ ਸਪਤਕ ਦੇ ਸਾ ਤੋਂ ਹੇਠਲੇ ਸਪਤਕ ਦੇ ਸਾ ਤੱਕ, ਭਾਵ ਤਾਰ ਸਪਤਕ ਦੇ ਸਾ ਤੋਂ ਮੱਧ ਸਪਤਕ ਦੇ ਸਾ ਤੱਕ ਜਾਂ ਮੱਧ ਸਪਤਕ ਦੇ ਸਾ ਤੋਂ ਮੰਦਰ ਸਪਤਕ ਦੇ ਸਾ ਵੱਲ ਆਉਂਦੇ ਸੁਰਾਂ ਦੇ ਸਿਲਸਲੇ ਨੂੰ ਅਵਰੋਹ ਕਹਿੰਦੇ ਹਨ :

ਸਾ ਨੀ ਧਾ ਪਾ ਮਾ ਗਾ ਰੇ ਸਾ

### ਪਕੜ

ਹਰ ਰਾਗ ਵਿੱਚ ਕੁਝ ਸੁਰ ਸਮੂਹ ਐਸੇ ਹਨ ਜਿਹਨਾਂ ਦੇ ਗਾਉਣ ਜਾਂ ਵਜਾਉਣ ਨਾਲ ਰਾਗ ਦੀ ਪਛਾਣ ਤੁਰੰਤ ਹੋ ਜਾਂਦੀ ਹੈ । ਇਸ ਸੁਰ ਸਮੂਹ ਨੂੰ ਮੁੱਖ - ਅੰਗ ਜਾਂ ਪਕੜ ਕਿਹਾ ਜਾਂਦਾ ਹੈ ।

ਜਿਵੇਂ ਰਾਗ ਭੁਪਾਲੀ ਦੀ ਪਕੜ ਇਸ ਪ੍ਰਕਾਰ ਹੈ
ਗਾ ਰੇ ਸਾ, ਧਾ ਰੇ ਗਾ, ਪਾ ਗਾ, ਧਾ ਪਾ ਗਾ, ਰੇ ਸਾ,

ਇਹਨਾਂ ਸੁਰਾਂ ਦੀ ਚਾਲ ਨੂੰ ਸਪਸ਼ਟ ਕਰਨ ਲਈ ਜਿੱਥੇ ਕਾਮਾ ਲੱਗਾ ਹੈ ਉਸ ਸੁਰ ਨੂੰ ਗਾਉਂਦਿਆਂ ਜਾਂ ਵਜਾਉਂਦਿਆਂ ਛੱਡ ਦਿੱਤਾ ਜਾਂਦਾ ਹੈ ਫਿਰ ਨਵੇਂ ਸਿਰੇ ਤੋਂ ਅਗਲੇ ਸੁਰ ਸਮੂਹ ਗਾਇਨ ਕੀਤਾ ਜਾਂਦਾ ਹੈ । ਜਿਵੇਂ ਭੁਪਾਲੀ ਰਾਗ ਦੀ ਪਕੜ ਨੂੰ ਇੰਝ ਗਾਇਨ ਕੀਤਾ ਜਾਵੇਗਾ ।

ਗਾ ਰੇ --------
ਪ ਗਾ --------
ਧਾ ਪਾ ਗਾ ---------- ਆਦਿ

### *ਇਸ ਸੰਸਾਰ ਵਿੱਚ*

*ਘਰ ਵਿੱਚ ਬੂਹੇ ਰਾਹੀਂ ਹੀ ਜਾਇਆ ਜਾਂਦਾ ਹੈ ਜਿਹੜਾ ਕਿਸੇ ਹੋਰ ਢੰਗ ਨਾਲ ਘਰ ਵਿੱਚ ਦਾਖਲ ਹੁੰਦਾ ਹੈ । ਉਹ ਚੋਰ ਹੁੰਦਾ ਹੈ*

### *ਇੱਕ ਖ਼ਤ ਦੀ ਉਡੀਕ*

*ਬਹੁਤ ਸਾਰੇ ਸੱਜਣਾਂ ਮਿੱਤਰਾਂ ਨੂੰ ਮੁਫ਼ਤ 'ਅੰਮ੍ਰਿਤ ਕੀਰਤਨ' ਭੇਜ ਰਹੇ ਹਾਂ । ਉਹ ਖ਼ਤ ਲਿਖ ਕੇ ਆਪਣੀ ਹੋਂਦ ਦਾ ਸਬੂਤ ਦੇਣ । ਨਹੀਂ ਤੇ... ।*

## ਕੋਮਲ ਸਿੰਘ

# ਪੁਸਤਕ : ਪੰਜਾਬੀ ਸਭਿਆਚਾਰਕ ਵਿਰਸਾ

*ਲੇਖਕ : ਡਾ. ਜਗੀਰ ਸਿੰਘ ਨੂਰ* — *ਪੰਨੇ : 124*

*ਪ੍ਰਕਾਸ਼ਕ : ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਦਨ, ਫਗਵਾੜਾ* — *ਮੁੱਲ 120 ਰੁਪਏ (ਵਿਦੇਸ਼: 4 ਪੌਂਡ)*

ਹਰ ਦੇਸ਼, ਕੌਮ ਖੇਤਰ, ਸੂਬੇ, ਗਰਾਂ ਅਤੇ ਘਰ ਦਾ ਆਪਣਾ ਆਪਣਾ ਸਭਿਆਚਾਰ ਹੈ । ਸਭਿਆਚਾਰ ਦੇ ਨਕਸ਼ ਤਾਂ ਉਪਰੋਂ ਦੇਖੇ ਜਾ ਸਕਦੇ ਹਨ ਪਰ ਇਸ ਦੀਆਂ ਜੜ੍ਹਾਂ ਇਨਸਾਨ ਦੇ ਖ਼ੂਨ ਵਿੱਚ ਹੁੰਦੀਆਂ ਹਨ । ਅਨੰਤ ਕਾਲ ਤੋਂ ਪ੍ਰਚਲਿਤ ਪ੍ਰੰਪਰਾਵਾਂ ਕਸ਼ੀਦ ਹੋ ਹੋ ਕੇ ਸਭਿਆਚਾਰ ਦਾ ਰੁਤਬਾ ਪ੍ਰਵਾਨ ਕਰਦੀਆਂ ਹਨ । ਸਭਿਆਚਾਰ ਨੂੰ ਉਸਰਨ ਵਿੱਚ ਕਈ ਪੀਹੜੀਆਂ ਦਾ ਸਮਾਂ ਲਗਦਾ ਹੈ, ਪਰ ਇਸ ਦੇ ਗਰਕਣ ਲਈ ਇੱਕ ਪੀਹੜੀ ਹੀ ਕਾਫ਼ੀ ਹੈ ।

ਸਭਿਆਚਾਰ ਦੀ ਪ੍ਰੀਭਾਸ਼ਾ ਨੂੰ ਦੋ ਹਰਫ਼ਾਂ 'ਚ ਬਿਆਨ ਕਰਨਾ ਮੁਸ਼ਕਿਲ ਹੈ ਪਰ ਫਿਰ ਵੀ ਅਸੀਂ ਕਹਿ ਸਕਦੇ ਹਾਂ, ਸਾਡੀ ਸਧਾਰਨ ਬੋਲਚਾਲ ਤੋਂ ਲੈ ਕੇ ਸਮੁੱਚੇ ਕਾਰ-ਵਿਹਾਰ ਦੀ ਸ਼ਿਸ਼ਟਾਚਾਰੀ ਪੇਸ਼ਕਾਰੀ ਸਭਿਆਚਾਰ ਦੇ ਘੇਰੇ ਵਿੱਚ ਆਉਂਦੀ ਹੈ । ਕਿਸੇ ਕੌਮ ਦੇ ਭਵਿੱਖ ਦੀ ਇਮਾਰਤ ਦੀ ਸਭਿਆਚਾਰਕ -ਨੀਂਹ ਜਿੰਨੀ ਮਜ਼ਬੂਤ ਹੋਵੇਗੀ, ਉਹ ਇਮਾਰਤ ਓਨੀ ਹੀ ਮਜ਼ਬੂਤ ਅਤੇ ਕਿਲੇਬੰਦ ਹੋਵੇਗੀ ।

ਡਾ. ਜਗੀਰ ਸਿੰਘ ਨੂਰ ਨੇ 'ਪੰਜਾਬੀ ਸਭਿਆਚਾਰਕ ਵਿਰਸਾ' ਪੁਸਤਕ ਵਿੱਚ ਪੰਜਾਬੀ ਸਭਿਆਚਾਰ ਦੇ ਕੁਝ ਖੇਤਰਾਂ ਦੀ ਨਿਸ਼ਾਨਦੇਹੀ ਕਰਕੇ ਉਸ ਖੇਤਰ ਦੇ ਸਭਿਆਚਾਰ ਦੇ ਸਾਨੂੰ ਸਨਮੁੱਖ ਕੀਤਾ ਹੈ । ਸਾਡੇ ਸਭਿਆਚਾਰ ਦਾ ਘੇਰਾ ਬਹੁਤ ਵਸੀਹ ਹੈ । ਡਾ. ਨੂਰ ਨੇ ਇਸ ਪੁਸਤਕ ਵਿੱਚ ਪੰਜਾਬੀ ਸਭਿਆਚਾਰ ਬਾਰੇ ਗਿਆਰਾਂ ਨਿਬੰਧ ਦਰਜ਼ ਕੀਤੇ ਹਨ । ਇਹ ਨਿਬੰਧ ਸਾਡੇ ਬਚਪਨ, ਭੈਣ-ਭਰਾ ਦੇ ਪਵਿੱਤਰ ਪਿਆਰ, ਸਾਡੇ ਲੋਕ ਨਾਚ, ਮੇਲਿਆਂ, ਪ੍ਰੀਤ ਕਥਾਵਾਂ, ਬੁਝਾਰਤਾਂ, ਸਾਡੇ ਦੇਵੀ-ਦੇਵਤਿਆਂ ਅਤੇ ਪੰਜਾਬ 'ਚ ਧਾਰਮਿਕ ਕ੍ਰਾਂਤੀ ਦੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਚਾਨਣਾ ਪਾਉਂਦੇ ਹਨ ।

ਪਹਿਲਾ ਨਿਬੰਧ 'ਪੰਜਾਬੀ ਸਭਿਆਚਾਰ' ਹੈ । ਪੰਜਾਬੀ ਸਭਿਆਚਾਰ ਦੀ ਅਮੀਰੀ ਦਾ ਜ਼ਿਕਰ ਕਰਦਿਆਂ ਲੇਖਕ ਦੱਸਦਾ ਹੈ ਕਿ ਸਿਰਫ਼ ਨੱਚਣਾ-ਗਾਉਣਾ ਹੀ ਪੰਜਾਬੀ ਸਭਿਆਚਾਰ ਨਹੀਂ ਸਗੋਂ ਇਹ ਸਮੁੱਚੀ ਜੀਵਨ-ਜਾਚ ਹੀ ਸਭਿਆਚਾਰ ਹੈ, ਸਭਿਆਚਾਰ ਦੇ ਚਾਰ ਮੁੱਖ ਅੰਗ ਹੁੰਦੇ ਹਨ (ੳ) ਪਦਾਰਥ (ਅ) ਸਮਾਜ (ੲ) ਧਰਮ (ਸ) ਰਾਜਨੀਤੀ । ਸਭਿਆਚਾਰ ਦਾ ਮੁੱਢ ਪਰਿਵਾਰਕ ਇਕਾਈ ਹੈ । 'ਅੱਲੜ-ਬੱਲੜ ਬਾਵੇ ਦਾ, ਨਿਬੰਧ ਵਿੱਚ ਮਾਂ ਜਦੋਂ ਬੱਚੇ ਦੇ ਪਿਆਰ ਵਿੱਚ ਖੀਵੀ ਹੋਈ ਮਮਤਾ 'ਚ ਨਸ਼ਿਆਈ ਹੋਈ, ਛੋਟੇ ਬੱਚੇ ਨਾਲ ਲੈਹ ਵਿੱਚ ਆ ਕੇ ਮਨਬਚਨੀ ਕਰਦੀ ਹੈ ਤਾਂ ਲੋਰੀ ਬਣਦੀ ਹੈ । ਲੋਰੀ ਵਿੱਚ ਊਂ-ਊਂ - ਆਂ-ਆਂ ਦਾ ਰਿਦਮ ਪਰਲੇ ਦਰਜ਼ੇ ਦਾ ਹੁੰਦਾ ਹੈ । ਲੋਰੀ ਵਿੱਚ ਸਹਿਜ-ਸੁਭਾਅ ਹੀ ਸਾਡਾ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਭਾਈਚਾਰਕ ਵਰਤਾਰੇ ਦਾ ਸਕਿਰਿਆਤਮਿਕ ਰੂਪ ਆ ਟਪਕਦਾ ਹੈ । ਲੋਰੀਆਂ ਗੋਦੀ 'ਚ ਬੱਚੇ ਨੂੰ ਪਾ ਕੇ ਜਾਂ ਪੰਘੂੜੇ 'ਚ ਝੂਟੇ ਦਿੰਦਿਆਂ ਆਪ-ਮੁਹਾਰੇ ਮੂੰਹ ਚੋਂ ਫੁਟਦੀਆਂ ਹਨ ।

ਸਾਡੇ ਸਭਿਆਚਾਰ 'ਚ ਰਿਸ਼ਤਿਆਂ ਦੀਆਂ ਤੰਦਾਂ ਬਹੁਤ ਪੱਕੀਆਂ ਹਨ । ਇਹਨਾਂ ਰਿਸ਼ਤਿਆਂ 'ਚੋ ਭੈਣ-ਭਰਾ ਦੇ ਮੋਹ ਦੀ ਤੰਦ ਤਾਂ ਸਭ ਤੋਂ ਪੱਕੀ ਹੈ । ਵੀਰ ਦੀ ਅਣਹੋਂਦ ਹਰ ਦਮ ਭੈਣ ਦਾ ਕਲੇਜਾ ਸੱਲ੍ਹਦੀ ਰਹਿੰਦੀ ਹੈ । ਭੈਣ, ਚੱਤੋ ਪਹਿਰ ਭਰਾ ਦੀ ਖ਼ੈਰ ਮਨਾਉਂਦੀ, ਉਸ ਨੂੰ ਮਿਲਖਾਂ ਜਗੀਰਾਂ

---

*ਜਦੋਂ ਪਤੀ-ਪਤਨੀ ਪਰਸਪਰ ਵੱਖਰੇਵਿਆਂ ਨੂੰ ਪ੍ਰਵਾਨਣ ਤੇ ਸਤਿਕਾਰਨ ਲੱਗ ਜਾਂਦੇ ਹਨ ਤਾਂ ਦੁਪਾਸੀਂ ਮੋਹ-ਮੁਹੱਬਤ ਦੇ ਮੌਲਣ ਲਈ ਬਹੁਤ ਮਾਕੂਲ ਮਾਹੌਲ ਬਣ ਜਾਂਦਾ ਹੈ ।*

*ਆਪਣੇ ਮਨ ਨੂੰ ਆਪਣੇ ਘਰ ਵਾਂਗ ਸਾਫ਼-ਸੁਥਰਾ ਰੱਖੋ । ਗ਼ਲਤ ਧਾਰਨਾਵਾਂ, ਗ਼ਲਤ ਵਿਸ਼ਵਾਸ ਤੇ ਵਹਿਮ ਭਰਮ ਇੰਵ ਲਾਹ ਸੁੱਟੋ ਜਿਵੇਂ ਘਰ ਦਾ ਕੂੜ-ਕਬਾੜ ਬਾਹਰ ਸੁੱਟ ਦਈਦਾ ਹੈ ।*

ਦਾ ਵਾਰਸ ਦੇਖਣਾ ਚਾਹੁੰਦੀ ਹੈ । ਤਿੱਥ-ਤਿਉਹਾਰਾਂ ਨੂੰ ਵੀਰ, ਭੈਣਾਂ ਨੂੰ ਬਹੁਤ ਯਾਦ ਆਉਂਦੇ ਹਨ । ਤਾਂ ਹੀ ਕਹਿੰਦੇ ਹਨ :

*ਭੈਣਾਂ ਵਰਗਾ ਸਾਕ ਨਾ ਕੋਈ*
*ਟੁੱਟ ਕੇ ਨਾ ਬਹਿ ਜੀਂ ਵੀਰਨਾ ।*

ਪੰਜਾਬ ਵਿੱਚ ਪੰਜ ਹਜ਼ਾਰ ਪੂਰਵ ਈ. ਤੋਂ ਲੋਕ ਨਾਚ ਨੱਚਣ ਦੀ ਪਰੰਪਰਾ ਦੇ ਚਿੰਨ ਮਿਲ ਸਕਦੇ ਹਨ । ਪੰਜਾਬ ਦਾ ਗਿੱਧਾ, ਭੰਗੜਾ, ਸਿਰਤਾਜ ਲੋਕ ਨਾਚਾਂ ਵਿੱਚੋਂ ਹੈ ਪਰ ਵਰਤਮਾਨ ਸਮੇਂ ਵਿੱਚ ਇਸ ਨੂੰ ਸਟੇਜੀ ਸ਼ੋਅ ਵਜੋਂ ਪ੍ਰਸਤੁਤ ਕਰਕੇ ਇਸ ਦੀ ਰੂਹ ਨੂੰ ਮਾਰਿਆ ਜਾ ਰਿਹਾ ਹੈ । ਸਾਡੇ ਪਰੰਪਰਿਕ ਨਾਚਾਂ ਵਿੱਚ ਸੰਮੀ, ਝੂਮਰ, ਲੁੱਡੀ, ਟਿਪਰੀ, ਡੰਡਾਸ, ਧਮਾਲ, ਕਿੱਕਲੀ ਆਦਿਕ ਲੋਕ ਨਾਚ ਸਹਿਜੇ ਸਹਿਜੇ ਅਲੋਪ ਹੋ ਰਹੇ ਹਨ । ਭਗਤ ਨਾਚ, ਜੰਗਮ ਨਾਚ, ਨਾਮਧਾਰੀ ਨਾਚ, ਸੁਥਰਾ ਨਾਚ, ਮਰਕਤ ਨਾਚ ਅਤੇ ਗੁੱਗਾ ਨਾਚ ਧਾਰਮਿਕ ਸੰਕੀਰਣਤਾ ਕਰਕੇ ਲੁਪਤ ਹੋ ਚੁੱਕੇ ਹਨ ।

ਸਾਲ ਦੇ ਬਾਰਾਂ ਮਹੀਨਿਆਂ 'ਚੋਂ ਸਾਉਣ ਮਹੀਨੇ ਦਾ ਆਪਣਾ ਰੰਗ ਹੈ । ਇਸ ਮਹੀਨੇ ਉਮੰਗਾਂ ਮਚਲਦੀਆਂ ਹਨ । ਅੱਤ ਦੀ ਗਰਮੀ ਤੋਂ ਨਜਾਤ ਮਿਲਦੀ ਹੈ ਤੇ ਠੰਢੀਆਂ ਫੁਹਾਰਾਂ ਵਲਵਲਿਆਂ ਨਾਲ ਛੇੜਖਾਨੀਆਂ ਕਰਦੀਆਂ ਹਨ ।

ਮੇਲੇ ਸ਼ੁਰੂ ਤੋਂ ਪੰਜਾਬੀਆਂ ਦੇ ਨਾਲ ਰਹੇ ਹਨ । ਮੇਲਿਆਂ ਤੇ ਆਉਣਾ ਜਾਣਾ-ਵਿਆਹ ਵਰਗਾ ਕਾਰਜ ਹੁੰਦਾ ਹੈ । ਮੇਲੇ ਲੋਕ ਦਿਲਾਂ ਦਾ ਮਨ ਪ੍ਰਚਾਵਾ ਹਨ । ਰੁਝੇਵਿਆਂ ਭਰੀ ਜ਼ਿੰਦਗੀ 'ਚੋਂ ਕੁਝ ਪਲ ਜੋ ਮੇਲਿਆਂ 'ਤੇ ਗੁਜ਼ਾਰੇ ਜਾਂਦੇ ਹਨ, ਉਹਨਾਂ ਨੂੰ ਪੰਜਾਬੀ ਭੁਲਾ ਨਹੀਂ ਸਕਦੇ ।

ਪੰਜਾਬ ਵਿੱਚ ਚੋਟੀ ਦੇ ਮੇਲੇ ਤਾਂ ਕਈ ਲਗਦੇ ਹਨ, ਪਰ ਪਰੰਪਰਿਕ ਸ਼ਰਧਾ ਨਾਲ 'ਛਪਾਰ ਦੇ ਮੇਲੇ' ਦਾ ਮਨਾਇਆ ਜਾਣਾ ਲੋਕ-ਮਨਾਂ ਦਾ ਹਿੱਸਾ ਬਣ ਚੁੱਕਿਆ ਹੈ । ਛਪਾਰ ਦਾ ਮੇਲਾ ਗੁੱਗਾ ਪੀਰ ਨਾਲ ਸਬੰਧਿਤ ਹੈ, ਜੋ ਸੱਪਾਂ ਦਾ ਮਾਲਕ ਹੈ ।

ਡਾ. ਨੂਰ ਨੇ ਪੰਜਾਬ ਦੇ ਲੋਕ-ਮਨਾਂ 'ਚ ਉਕਰੀਆਂ ਪ੍ਰੀਤ-ਕਥਾਵਾਂ 'ਚੋਂ ਸੱਸੀ ਪੁਨੂੰ ਦੇ ਇਸ਼ਕ ਦੀ ਪ੍ਰੇਮ ਗਾਥਾ ਨੂੰ ਲੈ ਕੇ ਪੰਜਾਬੀ ਸਭਿਆਚਾਰ ਦੀ ਗੱਲ ਛੋਹੀ ਹੈ । ਭਾਵੇਂ ਇਹ ਲੋਕ-ਕਥਾ ਪੰਜਾਬ ਦੀ ਧਰਤੀ 'ਤੇ ਨਹੀਂ ਵਾਪਰੀ ਪਰ ਫਿਰ ਵੀ ਇਹ ਪੰਜਾਬ ਦੀ ਵਿਰਾਸਤ ਬਣ ਚੁੱਕੀ ਹੈ ਅਤੇ ਉਹਨਾਂ ਨੂੰ ਸੱਸੀ ਪੁਨੂੰ ਆਪਣੀ ਮਿੱਟੀ ਜਾਏ ਲਗਦੇ ਹਨ ।

ਬੁਝਾਰਤਾਂ ਪੰਜਾਬੀ ਸਭਿਆਚਾਰ ਦਾ ਰੌਚਿਕ ਅੰਗ ਹਨ । ਬੁਝਾਰਤਾਂ ਦੀ ਭਾਸ਼ਾ ਸੰਕੋਚਵੀਂ, ਗੁੰਦਵੀਂ, ਭਾਵ-ਪੂਰਤ, ਪ੍ਰਸ਼ਨਾਤਮਿਕ, ਅਲੰਕ੍ਰਿਤ ਅਤੇ ਕਾਵਿਕ ਹੁੰਦੀ ਹੈ ।

ਧਰਮ ਆਦਿ ਮਨੁੱਖ ਦਾ ਸਹਾਰਾ ਬਣ ਕੇ ਚਲਦਾ ਆਇਆ ਹੈ । ਸੋ ਪੰਜਾਬੀ ਸਭਿਆਚਾਰ ਵਿੱਚ ਦੇਵੀ-ਦੇਵਤਿਆਂ ਦਾ ਵਿਸ਼ੇਸ਼ ਸਥਾਨ ਹੈ । ਦੇਵੀ-ਦੇਵਤੇ ਹਰ ਖ਼ੁਸ਼ੀ ਗ਼ਮੀ ਵਿੱਚ ਪੰਜਾਬੀਆਂ ਦਾ ਸਾਥ ਦਿੰਦੇ ਆਏ ਹਨ ਅਤੇ ਉਹਨਾਂ ਨੂੰ ਦਿਲਗੀਰੀ ਤੋਂ ਬਚਾਅ ਕੇ, ਆਸ਼ਾਵਾਦੀ ਜੀਵਨ ਦਾ ਰਸਤਾ ਦਿਖਾਉਂਦੇ ਆਏ ਹਨ । ਪੰਜਾਬੀ ਇਲਾਕਾਈ ਹੱਦਬੰਦੀਆਂ ਅਤੇ ਧਰਮਾਂ ਦੀ ਨਿੱਜੀ ਵਲਗਣ ਵਿੱਚੋਂ ਨਿਕਲ ਕੇ ਸਮੂਹਿਕ ਤੌਰ ਤੇ ਆਪਣੇ ਇਸ਼ਟਾਂ ਦੀ ਆਰਾਧਨਾ ਕਰਦੇ ਆਏ ਹਨ ।

'ਸਭਿਆਚਾਰਕ ਪਰਿਵਰਤਕ ਗੁਰੂ ਨਾਨਕ' ਨਿਬੰਧ ਵਿੱਚ ਪੰਜਾਬ ਦੇ ਧਾਰਮਿਕ ਸਭਿਆਚਾਰ ਦਾ ਵਰਨਣ ਕੀਤਾ ਗਿਆ ਹੈ । ਪੰਜਾਬ ਦਾ ਧਾਰਮਿਕ ਸਭਿਆਚਾਰ, ਮਿਹਨਤ ਕਰਨ, ਮਨੁੱਖਤਾ ਨਾਲ ਪ੍ਰੇਮ ਕਰਨ, ਸੇਵਾ, ਤਿਆਗ ਅਤੇ ਕੁਰਬਾਨੀ ਜਿਹੇ ਸੰਕਲਪਾਂ ਦਾ ਧਾਰਣੀ ਹੈ । ਗੁਰੂ ਨਾਨਕ ਜੀ ਨੇ ਆਪਣਾ ਸਮੁੱਚਾ ਜੀਵਨ ਮਨੁੱਖਤਾ ਲਈ ਅਰਪਿਤ ਕਰ ਦਿੱਤਾ । ਨਿਮਰਤਾ ਅਤੇ ਸਹਿਣਸ਼ੀਲਤਾ ਪੰਜਾਬ ਦੇ ਧਾਰਮਿਕ ਸਭਿਆਚਾਰ ਦੇ ਮੀਰੀ ਗੁਣ ਹਨ ।

ਨਵੀਂ ਪੀੜ੍ਹੀ ਨੂੰ ਅਮੀਰ ਪੰਜਾਬੀ ਵਿਰਸੇ ਤੋਂ ਜਾਣੂ ਕਰਵਾਉਣਾ, ਅਤੇ ਸੁੱਚੀਆਂ ਰਵਾਇਤਾਂ ਨੂੰ ਪਾਠਕਾਂ ਦੇ ਸਨਮੁੱਖ ਕਰਨਾ, ਜਗੀਰ ਸਿੰਘ ਨੂਰ ਦਾ ਅਤਿਅੰਤ ਸਲਾਹੁਤਾਯੋਗ ਕਾਰਜ ਹੈ ।

* * *

ਖ਼ੁਸ਼ ਤੇ ਸੁਖੀ ਰਹਿਣ ਲਈ ਆਪਣੇ ਆਸ਼ੇ ਉੱਚੇ ਉਮੀਦਾਂ ਰਾਹ-ਰਾਹ ਸਿਰ ਤੇ ਜ਼ਰੂਰਤਾਂ ਘੱਟ ਰੱਖੋ ।

ਤੁਹਾਡਾ ਮਨ ਇੱਕ ਬਾਗ਼ ਹੈ, ਤੁਸੀਂ ਇਸ ਬਾਗ਼ ਦੇ ਮਾਲੀ ਹੋ । ਨਿਰਣਾ ਕਰੋ ਕਿ ਇਸ ਬਾਗ਼ ਨੂੰ ਸੁੰਦਰ ਬਣਿਆ ਰੱਖਣ ਬਾਰੇ ਤੁਸੀਂ ਆਪ ਹੀ ਫ਼ੈਸਲਾ ਕਰਨਾ ਹੈ ।

## ਰਾਗੀ ਭਾਈ ਜਸਬੀਰ ਸਿੰਘ ਜੀ

# ਹਮਰਾ ਠਾਕੁਰ ਸਭ ਤੇ ਊਚਾ

ਪਿੱਛਲੇ ਦਿਨੀਂ 'ਸਿਮਰਨ ਵੀਡੀਉ ਸਟੂਡੀਉ', ਦਿੱਲੀ ਨੇ ਰਾਗੀ ਭਾਈ ਜਸਬੀਰ ਸਿੰਘ ਜੀ, ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ ਦੀ ਕੈਸਟ 'ਹਮਰਾ ਠਾਕੁਰ ਸਭ ਤੇ ਊਚਾ' ਰਿਲੀਜ਼ ਕੀਤੀ ਹੈ । ਭਾਵੇਂ ਕੈਸਟ ਦਾ ਨਾਂ ਉਪਰ ਲਿਖਤ ਅਨੁਸਾਰ ਹੈ ਪਰੰਤੂ ਕੈਸਟ ਵਿੱਚ ਇਹ ਸ਼ਬਦ ਸ਼ਾਮਲ ਨਹੀਂ ਹੈ । ਭਾਈ ਜਸਬੀਰ ਸਿੰਘ ਜੀ, ਸ੍ਰੀ ਹਰਿਮੰਦਰ ਸਾਹਿਬ ਦੇ ਹੀ ਹਜ਼ੂਰੀ ਰਾਗੀ, ਭਾਈ ਨਿਰਮਲ ਸਿੰਘ ਜੀ ਦੇ ਛੋਟੇ ਭਰਾਤਾ ਹਨ । ਪਰ ਇਸ ਦੇ ਬਾਵਜੂਦ ਦੋਨਾਂ ਦੀ ਗਾਇਨ ਸ਼ੈਲੀ ਵਿੱਚ ਭਾਰੀ ਅੰਤਰ ਵੇਖਣ ਨੂੰ ਮਿਲਦਾ ਹੈ । ਜਿੱਥੇ ਕਿ ਭਾਈ ਨਿਰਮਲ ਸਿੰਘ ਜੀ ਦੀ ਕੀਰਤਨ ਸ਼ੈਲੀ ਵਿੱਚ ਰਾਗਦਾਰੀ ਅਤੇ ਗਜ਼ਲ ਗਾਇਕੀ ਦਾ ਪ੍ਰਭਾਵ ਪ੍ਰਤੱਖ ਪ੍ਰਤੀਤ ਹੁੰਦਾ ਹੈ ਉਥੇ ਭਾਈ ਜਸਬੀਰ ਸਿੰਘ ਜੀ ਸਿੱਧਾ ਸਾਧਾ ਪਰ ਅਤਿ ਮਿਠਾਸ ਭਰਿਆ ਕੀਰਤਨ ਕਰਦੇ ਹਨ ।

ਇਸ ਕੈਸਟ ਵਿੱਚ ਕੁੱਲ ਪੰਜ ਸ਼ਬਦ ਹਨ । ਏ-ਸਾਈਡ ਦਾ ਪਹਿਲਾ ਸ਼ਬਦ ਹੈ '**ਮੇਰੀ ਸੇਜੜੀਐ ਆਡੰਬਰੁ ਬਣਿਆ ॥ ਮਨ ਅਨਦੁ ਭਇਆ ਪ੍ਰਭੁ ਆਵਤ ਸੁਣਿਆ ॥**' ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 459 ਉੱਪਰ ' ਆਸਾ ਮਹਲਾ 5 ਛੰਤ' ਅਧੀਨ ਅੰਕਿਤ ਹੈ । ਦਾਦਰਾ ਤਾਲ ਵਿੱਚ ਨਿਬੰਧ ਇਸ ਸ਼ਬਦ ਦੀ ਅਸਥਾਈ ਦੀ ਤੁੱਕ ਰਹਾਉ ਦੀ ਤੁੱਕ 'ਤੇ ਹੀ ਅਧਾਰਿਤ ਹੈ । ਆਮ ਤੌਰ 'ਤੇ ਇਸ ਸ਼ਬਦ ਨੂੰ ਰਾਗੀ ਸਿੰਘ ਗੁਰਪੁਰਬ ਦੇ ਅਵਸਰਾਂ 'ਤੇ ਹੀ ਪੜ੍ਹਿਆ ਕਰਦੇ ਹਨ । ਇਸ ਸ਼ਬਦ ਦਾ ਗਾਇਨ ਸੁੰਦਰ ਹੈ । ਅੰਤਰੇ ਬੜੇ ਉਤਲੇ ਸੁਰ 'ਤੇ ਗਾਏ ਗਏ ਹਨ ।

ਏ-ਸਾਈਡ ਦਾ ਦੂਜਾ ਸ਼ਬਦ 'ਸਾਰੰਗ ਮਹਲਾ 5' ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1218 ਉੱਪਰ ਅੰਕਿਤ ਹੈ । ਇਸ ਸ਼ਬਦ ਦੀ ਅਸਥਾਈ ਦੇ ਬੋਲ ਹਨ '**ਮੇਰੈ ਗੁਰਿ ਮੋਰੋ ਸਹਸਾ ਉਤਾਰਿਆ ॥**' ਇਹ ਸ਼ਬਦ ਚਲੰਤ ਕਹਿਰਵਾ ਤਾਲ ਵਿੱਚ ਨਿਬੰਧ ਹੈ ਅਤੇ ਆਪ ਜੀ ਨੇ ਇਸ ਨੂੰ ਸ਼ਿਵਰੰਜਨੀ ਰਾਗ ਵਿੱਚ ਗਾਇਨ ਕੀਤਾ ਹੈ । ਇਸ ਸ਼ਬਦ ਦਾ ਅੰਤਰਾ ਵੀ ਕਾਫੀ ਉੱਚਾ ਜਾਂਦਾ ਹੈ । ਇਹ ਪ੍ਰਸੰਨਤਾ ਦੀ ਗੱਲ ਹੈ ਕਿ ਇਸ ਸ਼ਬਦ ਵਿੱਚ ਰਹਾਉ ਦੀ ਪੰਕਤੀ ਨੂੰ ਹੀ ਆਧਾਰ ਬਣਾ ਕੇ ਅਸਥਾਈ ਦਾ ਗਾਇਨ ਕੀਤਾ ਗਿਆ ਹੈ ।

ਏ-ਸਾਈਡ ਦਾ ਤੀਸਰਾ ਸ਼ਬਦ ਭਾਈ ਗੁਰਦਾਸ ਜੀ ਦੀ ਰਚਨਾ ਹੈ ਅਤੇ 'ਵਾਰ 1 ਪਉੜੀ 47' ਅਧੀਨ ਅੰਕਿਤ ਹੈ । ਇਸ ਸ਼ਬਦ ਦੀ ਅਸਥਾਈ ਦੀ ਤੁੱਕ ਆਪ ਜੀ ਨੇ ਰੱਖੀ ਹੈ '**ਬੈਠਾ ਸੋਢੀ ਪਾਤਿਸਾਹੁ, ਰਾਮਦਾਸੁ ਸਤਿਗੁਰੂ ਕਹਾਵੈ** ॥' ਵੈਸੇ ਇਸ ਵਾਰ ਦੀ ਪਹਿਲੀ ਪੰਕਤੀ ਹੈ '**ਦਿਚੈ ਪੂਰਬਿ ਦੇਵਣਾ**, ਜਿਸ ਦੀ ਵਸਤੁ

### ਲੇਖਕਾਂ ਪ੍ਰਤੀ ਬੇਨਤੀ

*'ਅੰਮ੍ਰਿਤ ਕੀਰਤਨ' ਵਿੱਚ ਛਪਣ ਹਿਤ ਲੇਖ ਭੇਜਣ ਵਾਲੇ ਸੱਜਣਾਂ ਦੀ ਸੇਵਾ ਵਿੱਚ ਬੇਨਤੀ ਹੈ ਕਿ ਲੇਖ ਵਿੱਚ ਅੰਮ੍ਰਿਤ ਗੁਰਬਾਣੀ ਦੀਆਂ ਲਗਾਂ ਮਾਤ੍ਰਾ ਆਦਿ ਨੂੰ ਸੋਧ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ਨੰਬਰ ਲਿਖ ਕੇ ਭੇਜਣ ਦੀ ਕਿਰਪਾਲਤਾ ਕੀਤਾ ਕਰਨ !*

*-ਸੰਪਾਦਕ*

ਤਿਸੈ ਘਰਿ ਆਵੈ ॥' ਵੈਸੇ ਕਈ ਰਾਗੀ ਸਿੰਘ ਇਸ ਸ਼ਬਦ ਨੂੰ ਇਸ ਪੰਕਤੀ ਨਾਲ ਵੀ ਆਰੰਭ ਕਰਦੇ ਹਨ, 'ਅੰਮ੍ਰਿਤਸਰ ਵਿਚਿ ਜੋਤਿ ਜਗਾਵੈ ॥' ਇਹ ਸ਼ਬਦ ਵੀ ਕਹਿਰਵਾ ਤਾਲ ਵਿੱਚ ਨਿਬੰਧ ਹੈ ਅਤੇ ਬੰਦਿਸ਼ ਅਤਿ ਮਿਠਾਸ ਪੂਰਨ ਹੈ ।

ਬੀ-ਸਾਈਡ ਦਾ ਪਹਿਲਾ ਸ਼ਬਦ ਹੈ 'ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥' ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 484 ਉੱਪਰ 'ਆਸਾ (ਕਬੀਰ ਜੀਉ)' ਅਧੀਨ ਅੰਕਿਤ ਹੈ । ਇਹ ਸ਼ਬਦ ਵੀ ਕਹਿਰਵਾ ਤਾਲ ਵਿੱਚ ਹੀ ਨਿਬੰਧ ਹੈ ਅਤੇ ਰਹਾਉ ਦੀ ਤੁੱਕ ਨੂੰ ਹੀ ਆਪ ਜੀ ਨੇ ਅਸਥਾਈ ਦਾ ਆਧਾਰ ਬਣਾਇਆ ਹੈ । ਇਸ ਸ਼ਬਦ ਦੇ ਅੰਤਰੇ ਆਪ ਜੀ ਨੇ ਬੜੇ ਸੁੰਦਰ ਰੂਪ ਵਿੱਚ ਗਾਇਨ ਕੀਤੇ ਹਨ । ਇਸ ਸ਼ਬਦ ਦੀ ਸ਼ਬਦਾਵਲੀ ਜ਼ਰਾ ਵਿਕਟ ਹੋਣ ਕਾਰਨ ਇਹ ਸ਼ਬਦ ਅਪ੍ਰਚਲਿਤ ਹੈ ਅਤੇ ਬੜੇ ਹੀ ਘੱਟ ਰਾਗੀ ਸਿੰਘ ਇਸ ਸ਼ਬਦ ਦਾ ਗਾਇਨ ਕਰਦੇ ਹਨ । ਇਸ ਸ਼ਬਦ ਨੂੰ ਇਸ ਕੈਸਟ ਦਾ ਸ਼ਾਹਕਾਰ ਕਿਹਾ ਜਾ ਸਕਦਾ ਹੈ । ਪਾਠਕਾਂ ਦੀ ਦਿਲਚਸਪੀ ਲਈ ਇਸ ਸ਼ਬਦ ਨੂੰ ਸੰਪੂਰਨ ਰੂਪ ਵਿੱਚ ਹੇਠਾਂ ਦਰਜ ਕਰਨ ਦੀ ਆਗਿਆ ਲੈਂਦਾ ਹਾਂ ।

**ਆਸਾ (ਕਬੀਰ ਜੀਉ)**

*ਅੰਤਰਿ ਮੈਲੁ ਜੇ ਤੀਰਥ ਨਾਵੈ, ਤਿਸੁ ਬੈਕੁੰਠ ਨਾ ਜਾਨਾ ॥ ਲੋਕ ਪਤੀਣੇ ਕਛੂ ਨਾ ਹੋਵੈ, ਨਾਹੀ ਰਾਮੁ ਅਯਾਨਾ ॥੧॥ ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥੧॥ਰਹਾਉ॥ ਜਲ ਕੈ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ ॥ ਜੈਸੇ ਮੇਂਡੁਕ ਤੈਸੇ ਓਇ ਨਰ, ਫਿਰਿ ਫਿਰਿ ਜੋਨੀ ਆਵਹਿ ॥੨॥ ਮਨਹੁ ਕਠੋਰੁ ਮਰੈ ਬਾਨਾਰਸਿ , ਨਰਕ ਨਾ ਬਾਂਚਿਆ ਜਾਈ ॥ ਹਰਿ ਕਾ ਸੰਤੁ ਮਰੈ ਹਾੜੰਬੈ, ਤ ਸਗਲੀ ਸੈਨ ਤਰਾਈ ॥੩॥ ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ, ਤਹਾ ਬਸੈ ਨਿਰੰਕਾਰਾ ॥ ਕਹਿ ਕਬੀਰ ਨਰ ਤਿਸਹਿ ਧਿਆਵਹੁ, ਬਾਵਰਿਆ ਸੰਸਾਰਾ ॥੪॥੩੭॥*

ਬੀ-ਸਾਈਡ ਦਾ ਦੂਸਰਾ ਅਤੇ ਇਸ ਕੈਸਟ ਦਾ ਅੰਤਲਾ ਸ਼ਬਦ ਹੈ 'ਓਟਿ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ ॥' ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 218 ਉੱਪਰ 'ਗਉੜੀ ਮਹਲਾ 5 (ਮਾਝ) ਦੇ ਅਧੀਨ ਅੰਕਿਤ ਹੈ ਅਤੇ ਇਸ ਸ਼ਬਦ ਦੀ ਰਹਾਉ ਦੀ ਤੁੱਕ ਹੈ 'ਦੁਖ ਭੰਜਨੁ ਤੇਰਾ ਨਾਮੁ ਜੀ, ਦੁਖ ਭੰਜਨੁ ਤੇਰਾ ਨਾਮੁ ॥ ਆਠ ਪਹਰ ਆਰਾਧੀਐ, ਪੂਰਨ ਸਤਿਗੁਰ ਗਿਆਨੁ ॥' ਇਹ ਸ਼ਬਦ ਵੀ ਕਹਿਰਵਾ ਤਾਲ ਵਿੱਚ ਹੀ ਨਿਬੰਧ ਹੈ ਅਤੇ ਭਾਈ ਸਾਹਿਬ ਨੇ ਆਪਣੀ ਸ਼ੈਲੀ ਅਨੁਸਾਰ ਹੀ ਗਾਇਨ ਕੀਤਾ ਹੈ ।

ਸੰਪੂਰਨ ਤੌਰ 'ਤੇ ਕੈਸਟ ਸੁੰਦਰ ਬਣ ਆਈ ਹੈ । ਭਾਈ ਸਾਹਿਬ ਦੀ ਆਵਾਜ਼ ਬੜੀ ਮਿੱਠੀ ਅਤੇ ਸੁਰੀਲੀ ਹੈ । ਪੂਰੀ ਕੈਸਟ ਵਿੱਚ ਹਰਮੋਨੀਅਮ, ਬੰਸਰੀ ਅਤੇ ਮੈਂਡੋਲਿਨ ਨੇ ਢੁਕਵਾਂ ਸਾਥ ਨਿਭਾਇਆ ਹੈ । ਲੇਖਕ ਦਾ ਵਿਸ਼ਵਾਸ ਹੈ ਕਿ ਕੀਰਤਨ ਪ੍ਰੇਮੀਆਂ ਨੂੰ ਇਹ ਕੈਸਟ ਅਵੱਸ਼ ਪਸੰਦ ਆਏਗੀ ।


ਮਾਤਾ ਗੁਜਰੀ ਬਿਰਧ ਘਰ ਅਤੇ ਅਨਾਥ ਆਸ਼ਰਮ

(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)

ਗਿਲ ਫਾਰਮ, ਪਿੰਡ ਖਾਨਪੁਰ, ਖਰੜ,ਰੋਪੜ-ਫੋਨ : 855741,855730

ਏਥੇ 25 ਬਜ਼ੁਰਗਾਂ ਤੇ 25 ਅਨਾਥ ਜਾ ਗਰੀਬ ਬੱਚਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਬੜੇ ਸੁਚੱਜੇ ਤਰੀਕੇ ਨਾਲ ਕੀਤਾ ਗਿਆ ਹੈ । ਲੋੜਬੰਧ ਸਿੱਧੇ ਜਾਂ ਹੇਠ ਲਿਖੇ ਪਤੇ ਸੰਪਰਕ ਕਰੋ :

ਸ. ਹਰੀ ਸਿੰਘ, 307, ਸੈਕਟਰ 35-ਏ, ਚੰਡੀਗੜ੍ਹ ਫੋਨ : 601947

# ਕੀਰਤਨ/ਸੰਗੀਤ ਸਮਾਚਾਰ

# ਸੰਗੀਤ ਕਲਾ ਮੰਚ ਦਾ 31 ਵਾਂ ਸੰਗੀਤ ਸੰਮੇਲਨ

# ਪਦਮ ਸ੍ਰੀ ਸੋਹਣ ਸਿੰਘ ਨੂੰ ਸੰਗੀਤਕਾਰਾਂ ਵਲੋਂ ਸੁਰੀਲੀ ਸ਼ਰਧਾਂਜਲੀ

ਜਲੰਧਰ- ਸੰਗੀਤ ਕਲਾ ਮੰਚ (ਰਜਿ.) ਜਲੰਧਰ ਦਾ 31ਵਾਂ ਸੰਗੀਤ ਸੰਮੇਲਨ ਪੰਜਾਬ ਦੇ ਉੱਘੇ ਸ਼ਾਸਤਰੀ ਗਾਇਕ ਸੰਗੀਤ ਸਿਰੋਮਣੀ ਉਸਤਾਦ ਸੋਹਣ ਸਿੰਘ ਦੀ ਯਾਦ ਨੂੰ ਸਮਰਪਿਤ 2 ਮਾਰਚ ਨੂੰ ਗੁਰੂ ਨਾਨਕ ਦੇਵ ਲਾਇਬਰੇਰੀ ਜਲੰਧਰ ਵਿਖੇ ਆਯੋਜਿਤ ਕੀਤਾ ਗਿਆ। ਇਸ ਸੰਮੇਲਨ ਦਾ ਆਰੰਭ ਸ੍ਰੀ ਤਿਲਕ ਰਾਜ ਸੂਰੀ ਨੇ ਸ਼ਮਾ ਰੋਸ਼ਨ ਕਰਕੇ ਕੀਤਾ। ਮੰਚ ਦੇ ਸਕੱਤਰ ਡਾ. ਜੋਗਿੰਦਰ ਸਿੰਘ ਬਾਵਰਾ ਨੇ ਆਪਣੇ ਗੁਰੂ ਨੂੰ ਸ਼ਰਧਾਂਜਲੀ ਅਰਪਣ ਕਰਦੇ ਹੋਏ ਆਗਰਾ ਘਰਾਣੇ ਦੀਆਂ ਕੁਝ ਰਚਨਾਵਾਂ ਦਾ ਗਾਇਨ ਕੀਤਾ। ਸ੍ਰ. ਸੋਹਨ ਸਿੰਘ ਆਗਰਾ ਘਰਾਣਾ ਦੇ ਵਿਖਿਆਤ ਗਾਇਕ ਉਸਤਾਦ ਫੈਆਜ਼ ਖਾਂ ਆਫਤਾਬੇਮੌਸੀਕੀ ਦੇ ਸ਼ਾਗਿਰਦ ਸਨ। ਡਾ. ਬਾਵਰਾ ਨੇ ਰਾਗ ਸੂਹਾ-ਸੁਘਰਈ ਵਿੱਚ ਵਿਲੰਬਤ ਖਿਆਲ "ਪਲਕ ਨਾ ਲਾਗੀ ਮੋਰੀ ਅਖੀਆਂ" ਅਤੇ ਦਰੁਤ ਖਿਆਲ "ਨੈਨਨ ਸੌਂ ਦੇਖੀ ਏਕ ਅਲਕ ਮੋਹਨ ਕੀ" ਪੇਸ਼ ਕਰਨ ਤੋਂ ਬਾਅਦ ਰਾਗ ਜੌਨਪੁਰੀ ਵਿੱਚ "ਫੁਲਵਨ ਕੀ ਗੇਂਦ ਨਾ ਮੈਕਾ ਮਾਰ" ਅਤੇ ਅੰਤ ਵਿੱਚ ਰਾਗ ਮਦਮਾਦ ਸਾਰੰਗ ਵਿੱਚ ਡਾ. ਬਾਵਰਾ ਦੁਆਰਾ ਰਚਿਤ ਰਚਨਾ "ਝਨਨਨ ਬਾਜੈ ਪਾਇਲੀਆ" ਦਾ ਗਾਇਨ ਕਰਕੇ ਸ਼ਰੋਤਿਆਂ ਦਾ ਮਨ ਮੋਹ ਲਿਆ। ਇਹਨਾਂ ਦੇ ਗਾਇਨ ਵਿਚੋਂ ਆਪਣੇ ਉਸਤਾਦ ਦੀ ਗਾਇਕੀ ਦੀ ਛਾਪ ਝਲਕ ਸਪਸ਼ਟ ਨਜ਼ਰ ਆ ਰਹੀ ਸੀ। ਇਹਨਾਂ ਨਾਲ ਤਬਲਾ ਸੰਗਤ ਪੰਡਿਤ ਰਮਾਂ ਕਾਂਤ ਅਤੇ ਵਾਇਲਿਨ ਉਤੇ ਸੰਗਤ ਸ੍ਰੀ ਪਰਦੀਪ ਪੁਰੀ ਨੇ ਕੀਤੀ।

ਸ੍ਰੀ ਪੁਰਸ਼ੋਤਮ ਮਹਿਤਾ ਨੇ ਸਿਤਾਰ ਤੇ ਰਾਗ ਝਿੰਝੋਟੀ ਪੇਸ਼ ਕੀਤਾ। ਅਲਾਪ ਤੋਂ ਬਾਅਦ ਵਿਲੰਬਤ ਅਤੇ ਦਰੁਤ ਦੋ ਗੱਤਾਂ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤੀਆਂ। ਤਬਲਾ ਸੰਗਤ ਸ੍ਰੀ ਤਿਲਕ ਰਾਜ (ਤਿਲਕੀ) ਨੇ ਕੀਤੀ ਅਤੇ ਕਈ ਵਾਰ ਦਾਦ ਪ੍ਰਾਪਤ ਕੀਤੀ। ਉਸਤਾਦ ਅਮੀਰ ਖਾਂ ਦੇ ਸ਼ਾਗਿਰਦ ਸ੍ਰੀ ਮੁਹਿੰਦਰ ਸ਼ਰਮਾ (ਦਿੱਲੀ) ਨੇ ਆਪਣਾ ਗਾਇਨ ਰਾਗ ਭੀਮ ਪਲਾਸੀ ਦੇ ਵਿਲੰਬਤ ਖ਼ਿਆਲ " ਕਗਵਾ ਬੋਲੇ ਆਂਗਨਵਾ" ਦੁਆਰਾ ਆਰੰਭ ਕੀਤਾ ਜੋ ਕਿ ਤਾਲ ਝੂਮਰਾ ਵਿੱਚ ਨਿਬੰਧ ਸੀ। ਦਰੁਤ ਖਿਆਲ ਤੀਨ ਤਾਲ ਵਿਚ "ਇਸ ਸਾਗਰ ਸੌਂ ਪਾਉ ਨਾ ਪਾਰ" ਪੇਸ਼ ਕਰਨ ਤੋਂ ਬਾਅਦ ਰਾਗ ਜਗਸੰਮੋਹਨੀ ਵਿੱਚ ਇੱਕ ਰਚਨਾ " ਕੌਣ ਜਤਨ ਸੌਂ ਪਿਆ ਕੋ ਮਨਾਉਂ" ਅਤੇ ਅੰਤ ਵਿੱਚ ਕਬੀਰ ਸਾਹਿਬ ਦਾ ਭਜਨ "ਸਾਧੋ ਬਹਿ ਤਨ ਠਾਠ ਤੰਬੂਰੇ ਦਾ" ਬੜੇ ਖੂਬਸੂਰਤ ਅੰਦਾਜ਼ ਵਿੱਚ ਗਾਇਨ ਕੀਤਾ। ਇਹਨਾਂ ਨਾਲ ਸਾਰੰਗੀ ਦੀ ਸੰਗਤ ਸ੍ਰੀ ਸ਼ਮਿੰਦਰ ਪਾਲ ਸਿੰਘ ਨੇ ਕੀਤੀ ਅਤੇ ਤਬਲਾ ਸੰਗਤ ਸ੍ਰੀ ਰਮਾਂ ਕਾਂਤ ਨੇ ਕੀਤੀ। ਦੋਵਾਂ ਕਲਾਕਾਰਾਂ ਨੇ ਬੜੇ ਵਧੀਆਂ ਢੰਗ ਨਾਲ ਸੰਗਤ ਕਰਕੇ ਸਮਾਂ ਬੰਨਿਆ। ਸ੍ਰੀ ਮੁਹਿੰਦਰ ਸ਼ਰਮਾ ਤੋਂ ਬਾਅਦ ਮੰਚ ਵਲੋਂ ਤਿਆਰ ਕੀਤੀ ਗਈ "ਸੋਹਨ ਸਿੰਘ ਸਮਾਰਿਕਾ" ਰਿਲੀਜ਼ ਕੀਤੀ ਗਈ। ਪੰਜਾਬ ਵਿੱਚ ਪਹਿਲੀ ਵਾਰ ਪਧਾਰੇ ਦਿੱਲੀ ਦੇ ਸ੍ਰੀ ਦਾਨਿਸ਼ ਅਸਲਮ ਖਾਂ ਨੇ ਸਰੋਦ ਦੀਆਂ ਤਾਰਾਂ ਛੇੜੀਆਂ ਜੋ ਰਾਗ ਮਧੁਵੰਤੀ ਦਾ ਰੂਪ ਧਾਰਨ ਕਰ ਗਈਆ। ਅਲਾਪ, ਜੋੜ ਤੋਂ ਬਾਅਦ ਤਾਲ ਰੂਪਕ ਵਿੱਚ ਬੜੇ ਕਲਾਤਮਕ ਅੰਦਾਜ਼ ਵਿੱਚ ਪੇਸ਼ਕਾਰੀ ਕਰਨ ਤੋਂ ਬਾਅਦ ਤੀਨ ਤਾਲ ਵਿੱਚ ਦੋ ਰਚਨਾਵਾਂ ਵਜਾਈਆਂ। ਇਹਨਾਂ ਦੇ ਵਾਦਨ ਵਿਚੋਂ ਭਾਂਤ ਭਾਂਤ ਦੀਆ ਲੈਅਕਾਰੀਆਂ ਦਾ ਅਨੰਦ ਮਾਨਣ ਦਾ ਅਵਸਰ ਪ੍ਰਾਪਤ ਹੋਇਆ। ਤਬਲਾ ਸੰਗਤ ਸ੍ਰੀ ਤਿਲਕ ਰਾਜ ਨੇ ਕੀਤੀ ਜਿਸ ਨੂੰ ਸ਼ਰੋਤਿਆਂ ਵਲੋਂ ਚੰਗਾ ਹੁੰਗਾਰਾ ਮਿਲਿਆ।

ਸੰਗੀਤ ਕਲਾ 'ਚ ਕਲਾਸੀਕਲ ਸੰਗੀਤ ਦੇ ਪ੍ਰਚਾਰ, ਪ੍ਰਸਾਰ ਲਈ ਲਗਾਤਾਰ ਆਪਣੇ ਵਸੀਲਿਆਂ ਦੁਆਰਾ ਪ੍ਰਯਤਨਸ਼ੀਲ ਰਹਿੰਦਾ ਹੈ। ਸਾਰੇ ਕਲਾਕਾਰਾਂ ਨੂੰ ਸਿਮ੍ਰਤੀ ਚਿੰਨ੍ਹ ਭੇਟ ਕੀਤੇ ਗਏ। ਇਸ ਸੰਮੇਲਨ ਨੂੰ ਸੁਣਨ ਵਾਸਤੇ ਲੁਧਿਆਣਾ, ਕਪੂਰਥਲਾ ਤੋਂ ਵੀ ਕਈ ਸ਼ਰੋਤੇ ਪੁਜੇ। ਪ੍ਰੋਗਰਾਮ ਦਾ ਸੰਚਾਲਨ ਸ੍ਰੀ ਪ੍ਰਕਾਸ਼ ਚੌਧਰੀ ਨੇ ਕੀਤਾ। ਸ਼ਾਸਤਰੀ ਸੰਗੀਤ ਵਿੱਚ ਰੁਚੀ ਰਖਣ ਵਾਲਿਆਂ ਦੇ ਦਿਲਾਂ ਵਿੱਚ ਇਹ ਸੰਗੀਤ ਸੰਮੇਲਨ ਇੱਕ ਅਮਿਟ ਛਾਪ ਛੱਡ ਗਿਆ।

---

*ਆਪਣਿਆਂ ਪਿਆਰਿਆਂ ਸੰਗ ਯਾਤਰਾ ਕਰਨੀ ਤੁਰਦਾ-ਫਿਰਦਾ ਘਰ ਸਿਰਜਣਾ ਹੀ ਹੁੰਦਾ ਹੈ।*

*ਇਹ ਮਨ ਇੱਕ ਜਾਦੂਗਰ ਹੈ ਜਿਧਰ ਲਾ ਲਵੋ ਓਧਰ ਹੀ ਕਮਾਲ ਕਰ ਦਿੰਦਾ ਹੈ।*

*ਲਾਲ ਸਿੰਘ ਕਮਲਾ ਅਕਾਲੀ*

# ਗੁਰਬਾਣੀ ਸੰਗੀਤ ਸੰਬੰਧੀ ਪੁਸਤਕਾਂ ਦਾ ਵੇਰਵਾ

ਪੁਸਤਕ ਦਾ ਨਾਂ : ਪੰਜਾਬ ਦਾ ਸਮਕਾਲੀ ਸੰਗੀਤ (ਭਾਗ ਪਹਿਲਾ)

ਲੇਖਕ : ਨਵਜੋਤ ਕੌਰ ਕਸੇਲ, ਐਮ.ਏ. (ਸੰਗੀਤ) ਐਮ.ਏ. ਆਨਰਜ਼ (ਪੰਜਾਬੀ), ਐਮ.ਫਿਲ. ਲੈਕਚਰਾਰ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ,

ਪ੍ਰਕਾਸ਼ਕ : ਮਦਾਨ ਪਬਲਿਸਰਜ਼, ਪਟਿਆਲਾ ।

ਤਤਕਰਾ : 1. ਪੰਜਾਬ ਦੀ ਸੰਗੀਤਕ ਪਰੰਪਰਾ, ਪੰਜਾਬ ਦਾ ਅਧਿਆਤਮਕ ਸੰਗੀਤ, ਪੰਜਾਬ ਦਾ ਲੋਕ-ਸੰਗੀਤ, ਪੰਜਾਬ ਦਾ ਸਮਕਾਲੀ ਸੰਗੀਤ 2. ਸ਼ਾਸਤਰੀ ਗਾਇਕ ਪਦਮ ਸ੍ਰੀ ਉਸਤਾਦ ਸੋਹਣ ਸਿੰਘ, 3. ਵਾਗੇਯਕਾਰ ਪ੍ਰੋ. ਤਾਰਾ ਸਿੰਘ 4. ਲੋਕ ਗਾਇਕ, ਲਾਲ ਚੰਦ ਯਮਲਾ ਜੱਟ, 5. ਢਾਡੀ ਸਮਰਾਟ ਸ. ਸੋਹਣ ਸਿੰਘ ਸੀਤਲ, 6. ਵਸ਼ਿਸ਼ਟ ਗੁਰਬਾਣੀ ਗਾਇਕ ਭਾਈ ਦੇਵਿੰਦਰ ਸਿੰਘ ।

ਪੁਸਤਕ ਦਾ ਨਾਂ : ਕੀਰਤਨ : ਸੰਦਰਭ ਅਤੇ ਸਰੂਪ

ਲੇਖਕ ਦਾ ਨਾਂ : ਡਾ. ਦੇਵਿੰਦਰ ਸਿੰਘ ਵਿਦਿਆਰਥੀ

ਪ੍ਰਕਾਸ਼ਕ : ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਤਤਕਰਾ : ਆਪੇ ਲੇਖਣਿ ਆਪਿ ਲੇਖਾਰੀ ਆਪੇ ਲੇਖੁ ਲਿਖਾਰਾ, ਕਥਾ ਇੱਕ ਲੀਕ ਦੀ, ਬਿੰਦੂ ਤੋਂ ਲੀਕ ਦੇ ਪਸਾਰ ਵੱਲ, ਲਕੀਰਾਂ ਤੋਂ ਅਕਾਰਾਂ ਵੱਲ, ਕੀਰਤਨ ਦੀ ਰਸਾਇਣ-ਵਿਧੀ, ਕੀਰਤਨ ਦੀ ਰਸਾਇਣ ਵਿਧੀ-2, ਦਖਨ ਦੇਸ, ਹਰੀ ਕਾ ਬਾਸਾ, ਹਰਿ ਜੁਗਿ ਜੁਗਿ ਭਗਤ ਉਪਾਇਆ, ਕਤ ਜਾਈਐ ਰੇ ਘਰਿ ਲਾਗੋ ਰੰਗ, ਧਨਿ ਯਹ ਬਿੰਦਾ-ਬਨ ਕੀ ਰੇਨ, ਗੁਰਮਤਿ-ਚਿੰਤਨ ਦਾ ਪ੍ਰਵੇਸ਼, ਲਹਣੈ ਪਾਇਆ ਖਸਮ ਦਰ, ਹੋਵੈ ਕੀਰਤਨ ਸਦਾ ਵਿਸੋਆ, ਹਰਿ ਕਾ ਬਿਲੋਵਨਾ ਬਿਲੋਵਹੁ ਭਾਈ, ਭਲੋ ਭਲੋ ਰੇ ਕੀਰਤਨੀਆ, ਕੀਰਤਨ ਦੇ ਸਰੂਪ ਅਤੇ ਆਕਾਰ, ਕੇਤੇ ਤੇਰੇ ਨਾਦ ਅਨੇਕ ਅਸੰਖਾ, ਕੁਝ ਪ੍ਰਾਪਤੀਆਂ ਕੁਝ ਸੰਕੇਤ ।


*ਆਪਣੇ ਸਨੇਹੀ ਨੂੰ 'ਅੰਮ੍ਰਿਤ ਕੀਰਤਨ' ਤੋਹਫੇ ਵਜੋਂ ਭੇਟ ਕਰੋ !*

*ਤੁਸੀਂ ਆਪਣੇ ਅਤਿ ਪਿਆਰੇ ਸਨੇਹੀ ਨੂੰ ਤੋਹਫ਼ਾ ਦੇਣਾ ਚਾਹੁੰਦੇ ਹੋ ! ਹੋਰ ਵਸਤਾਂ ਭੁੱਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ ! ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫ਼ਾ ਭੇਟ ਕਰੋ ।*

*ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15-ਏ ਚੰਡੀਗੜ੍ਹ ।*


## *ਇਕ ਚੰਗੀ ਆਦਤ*

*ਮੈਗਜ਼ੀਨ ਦਾ ਚਿੱਟ ਨੰਬਰ ਜ਼ਰੂਰ ਕਿਸੇ ਡਾਇਰੀ ਵਿੱਚ ਨੋਟ ਕਰਕੇ ਰੱਖੋ । ਇਸ ਤਰ੍ਹਾਂ ਤੁਸੀਂ ਮੈਗਜ਼ੀਨ ਦੇ ਨਾ ਪੁੱਜਣ 'ਤੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਆਪਣਾ ਤੇ ਮੈਗਜ਼ੀਨ ਪ੍ਰਬੰਧਕਾਂ ਦਾ ਬਹੁਤ ਸਾਰਾ ਸਮਾਂ ਬਚਾ ਸਕਦੇ ਹੋ ।*

*ਮੈਗਜ਼ੀਨ ਨਾ ਪੁੱਜਣ ਦੀ ਤੁਰੰਤ ਸੂਚਨਾ ਦਿਓ । 5 ਜਾਂ 6 ਮਹੀਨੇ ਬਾਅਦ ਸ਼ਿਕਾਇਤ ਭੇਜਣ ਲਈ ਤੁਸੀਂ ਵੀ ਜ਼ਿੰਮੇਵਾਰ ਬਣ ਜਾਂਦੇ ਹੋ ਤੇ ਅਸੀਂ ਵੀ ਆਪਦੀ ਸੇਵਾ ਨਹੀਂ ਕਰ ਸਕਦੇ ।*

# ਪ੍ਰਸ਼ਨਾਵਲੀ-7

*ਹੇਠ ਲਿਖੇ ਪ੍ਰਸ਼ਨਾਂ ਦੇ ਠੀਕ ਉੱਤਰ ਭੇਜਣ ਵਾਲਿਆਂ ਨੂੰ ਪੁਸਤਕਾਂ/ਰਸਾਲੇ ਇਨਾਮ ਵਜੋਂ ਦਿੱਤੇ ਜਾਣਗੇ । ਉੱਤਰ 20 ਜੂਨ ਤਕ ਪੁੱਜਣੇ ਜ਼ਰੂਰੀ ਹਨ ।*

1. ਸੱਤ ਸੁਰਾਂ ਦੇ ਪ੍ਰਯੋਗੀ ਨਾਮ ਲਿਖੋ ।
2. ਸਪਤਕ ਕਿੰਨੇ ਹਨ ? ਉਹਨਾਂ ਦੇ ਨਾਮ ਲਿਖੋ ।
3. ਰਾਗ ਧਨਾਸਰੀ ਅਤੇ ਰਾਗ ਭੀਮ ਪਲਾਸੀ ਵਿੱਚ ਕਿਹੜੇ ਪੰਜ ਨੁਕਤੇ ਸਾਂਝੇ ਹਨ ?
4. ਦਿਮਾਗ਼ ਦੇ ਸੱਜੇ ਅਤੇ ਖੱਬੇ ਪਾਸੇ ਵਿੱਚ ਕੀ ਅੰਤਰ ਹੈ ?
5. ਸੰਗੀਤ ਵਿੱਚ ਮੁਹਾਰਤ ਤੋਂ ਬਿਨਾਂ ਸਫਲ ਕੀਰਤਨੀਏ ਵਿੱਚ ਹੋਰ ਕਿਹੜੇ ਪੰਜ ਗੁਣ ਹੋਣੇ ਚਾਹੀਦੇ ਹਨ ?

## *ਪ੍ਰਸ਼ਨਾਵਲੀ-6 ਦੇ ਉੱਤਰ*

*1. ਮਹਾਰਾਜਾ ਰਣਜੀਤ ਸਿੰਘ ਕਾਲ ਦੇ ਕੀਰਤਨੀਏ ਤੇ ਸੰਗੀਤਕਾਰਾਂ ਦੇ ਨਾਮ :*

"ਮਨਸਾ ਸਿੰਘ" ਨਾਮੀਂ ਪ੍ਰਸਿੱਧ ਰਾਗੀ ਹੁੰਦਾ ਸੀ । ਦੋ ਹੋਰ ਪ੍ਰਸਿੱਧ ਗਾਇਕਾਂ ਦਾ ਪਤਾ ਲਗਦਾ ਹੈ ਜੋ ਅੰਤਿਮ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜਫ਼ਰ ਸਮੇਂ ਉਸਦੇ ਰਾਜ ਮਹਿਲਾਂ ਦੇ ਦਰਬਾਰੀ ਗਾਇਕ ਸਨ । ਇਨ੍ਹਾਂ ਨੇ ਆਪਣੀ ਕਲਾ ਨਾਲ ਮਹਾਰਾਜਾ ਰਣਜੀਤ ਸਿੰਘ ਨੂੰ ਮੁਗਧ ਕਰ ਲਿਆ ਤੇ ਦਰਬਾਰੀ ਗਾਇਕ ਬਣ ਗਏ । ਇਹ ਗਾਇਕ ਲੋਕ ਗਾਥਾਵਾਂ ਤੇ ਲੋਕ ਗੀਤਾਂ ਦੀ ਕਲਾ ਦੇ ਜੌਹਰ ਦਿਖਾਉਂਦੇ । ਉਨ੍ਹਾਂ ਦੇ ਦਰਬਾਰ ਵਿੱਚ ਉੱਚ ਕੋਟੀ ਦੇ ਰਾਗੀ, ਢਾਡੀ ਤੇ ਤਬਲਚੀ ਸਨ ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ "ਮੀਰਾਂ ਬਾਈ" ਨਾਮ ਦੀ ਉੱਚ ਕੋਟੀ ਦੀ ਗਾਇਕ ਹੋਈ ਹੈ ।

ਇਕ ਤਬਲਚੀ, ਜੋ ਨਾਈ ਦਾ ਲੜਕਾ ਭੇਟ ਕੀਤਾ ਹੋਇਆ ਸੀ, ਉਹ "ਮਝਾ ਸਿੰਘ" ਦੇ ਨਾਮ ਨਾਲ ਪ੍ਰਸਿੱਧ ਹੋਇਆ ਹੈ । ਬਾਅਦ ਵਿਚ "ਹਜ਼ੂਰੀ ਰਾਗੀ" ਵਜੋਂ ਦਰਬਾਰ ਸਾਹਿਬ ਦੀ ਸੇਵਾ ਕੀਤੀ ਤੇ ਮਹੱਤਵਪੂਰਨ ਸਥਾਨ ਪ੍ਰਾਪਤ ਕੀਤਾ ।

*2. ਪ੍ਰੋ. ਕਰਤਾਰ ਸਿੰਘ ਹੁਸ਼ਿਆਰਪੁਰ ਵਾਲਿਆਂ ਨੇ ਕੀਰਤਨ ਸਿਖਾਉਣ ਦੀ ਵਿਧੀ ਕਿਸ ਤੋਂ ਸਿਖੀ ?*

70 ਸਾਲ ਦੀ ਉਮਰ ਵਿੱਚ "ਮਾਸਟਰ ਨਿਹਾਲ ਸਿੰਘ ਜੀ" ਬੰਬਈ ਵਾਲਿਆਂ ਤੋਂ ਸਿੱਖੀ ।

*3. ਭਾਈ ਸਮੁੰਦ ਸਿੰਘ ਦੀ ਗਾਇਨ ਸ਼ੈਲੀ ਵਿੱਚੋਂ ਕਿਹੜੇ ਪ੍ਰਸਿੱਧ ਕਲਾਸੀਕਲ ਗਾਇਕ ਦੀ ਝਲਕ ਪੈਂਦੀ ਹੈ ?*

"ਭਾਈ ਸਮੁੰਦ ਸਿੰਘ ਸਾਹਿਬ ਦੀ ਸ਼ੈਲੀ ਵਿੱਚ ਖ਼ਾਨ ਸਾਹਿਬ ਬੜੇ ਗੁਲਾਮ ਅਲੀ ਖ਼ਾਨ ਦੀ ਗਾਇਕੀ ਦੀ ਝਲਕ ਨਜ਼ਰ ਆਉਂਦੀ ਹੈ ।

*4. ਰਾਗ ਸੂਹੀ ਦਾ ਆਰੋਹ ਅਵਰੋਹ :-*

ਆਰੋਹ :- ਸ ਰੇ ਗ ਮ ਪ ਨੀ ਧ ਨੀ ਸਂ । ਅਵਰੋਹ :- ਸਂ ਨੀ ਧ ਪ ਮ ਗ ਰੇ ਸ ।

*5. ਰੂਪਕ ਤਾਲ ਦੇ ਬੋਲ :-*

| | | | | | | |
|---|---|---|---|---|---|---|
| x | | | 2 | | 3 | |
| 1 | 2 | 3 | 4 | 5 | 6 | 7 |
| ਤਿੰ | ਤਿੰ | ਨਾ | ਧਿ | ਨਾ | ਧਿ | ਨਾ |

*ਪਿਛਲੀ ਪ੍ਰਸ਼ਨਾਵਲੀ ਦੇ ਉੱਤਰ ਭੇਜਣ ਵਾਲਿਆਂ ਦੇ ਨਾਮ :*

1. ਭਾਈ ਅਵਤਾਰ ਸਿੰਘ, ਨਾਭਾ
2. ਸ੍ਰ. ਕੁਲਦੀਪ ਸਿੰਘ, ਅੰਮ੍ਰਿਤਸਰ
3. ਮਿਸਜ਼ ਦਮਿਅੰਤੀ ਐਮ.ਏ., ਚੰਡੀਗੜ

# ਕੀਰਤਨ ਕਲਾਸਾਂ

ਹੇਠ ਲਿਖੇ ਸਥਾਨਾਂ ਤੇ ਕੀਰਤਨ ਕਲਾਸਾਂ ਲਗਾਈਆਂ ਜਾਂਦੀਆਂ ਹਨ । ਚਾਹਵਾਨ ਵਿਅਕਤੀ ਸੰਪਰਕ ਕਰਕੇ ਲਾਭ ਉਠਾ ਸਕਦੇ ਹਨ ।

ਗੁਰਦੁਆਰਾ ਸਾਹਿਬ,
ਸੈਕਟਰ 34, ਚੰਡੀਗੜ੍ਹ

ਗੁਰੂ ਨਾਨਕ ਬਾਲ ਆਸ਼ਰਮ,
ਨੇੜੇ ਰਾਮਗੜ੍ਹੀਆ ਭਵਨ,
ਸੈਕਟਰ 27, ਚੰਡੀਗੜ੍ਹ

ਉਜਲ ਸਿੰਘ ਮਦਾਨ,
1470, ਸੈਕਟਰ 43-ਬੀ, ਚੰਡੀਗੜ੍ਹ

ਗੁਰਦੁਆਰਾ ਸਾਚਾ ਧੰਨ,
ਫੇਜ਼-3-ਬ-1, ਮੋਹਾਲੀ

ਗਿ : ਕਸ਼ਮੀਰ ਸਿੰਘ,
1612 ਫੇਜ਼-7, ਮੋਹਾਲੀ

ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ,
ਮਾਡਲ ਟਾਊਨ ਐਕਸਟੇਨਸ਼ਨ, ਲੁਧਿਆਣਾ

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼
ਜਵੱਦੀ ਕਲਾ, ਲੁਧਿਆਣਾ

ਸੰਗੀਤ ਭਾਰਤੀ,
99 ਬੀ.ਸ਼ਾਸਤਰੀ ਨਗਰ, ਲੁਧਿਆਣਾ

ਪੰਜਾਬ ਸਿੰਧ ਬੈਂਕ ਕੀਰਤਨ ਅਕੈਡਮੀ,
ਗਰੀਨ ਪਾਰਕ, ਜਲੰਧਰ

ਬਾਵਰਾ ਮਿਊਜ਼ਿਕ ਕਾਲਜ,
20, (ਗੁਰੂ ਨਾਨਕ ਨਗਰ) (ਮਾਡਲ ਟਾਊਨ), ਜਲੰਧਰ

ਫਾਈਵ ਸਟਾਰ ਸੰਗੀਤ ਸਭਾ,
276-ਆਰ ਮਾਡਲ ਟਾਊਨ, ਜਲੰਧਰ

ਸਿੱਖ ਮਿਸ਼ਨਰੀ ਕਾਲਜ (ਰਜਿ:)
ਡਬਲਯੂ.ਜੀ. 578, ਸੂਰਜ ਗੰਜ, ਜਲੰਧਰ

ਭਾਈ ਵੀਰ ਸਿੰਘ ਹਾਲ,
ਲਾਰੰਸ ਰੋਡ, ਅੰਮ੍ਰਿਤਸਰ

ਸ੍ਰ. ਬੂਟਾ ਸਿੰਘ ਹੰਸਪਾਲ
ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ,
232 ਈਸਟ ਮੋਹਨ ਨਗਰ, ਅੰਮ੍ਰਿਤਸਰ

ਸਚਦੇਵਾ ਸੰਗੀਤ ਅਕੈਡਮੀ,
ਗੁਰਦੁਆਰਾ ਰੋਡ, ਮਲੋਟ

ਮਸਤਾਨਾ ਮਿਊਜਿਕ ਅਕੈਡਮੀ,
ਮਲੋਟ

ਗੁਰਦੁਆਰਾ ਦਸ਼ਮੇਸ਼ਗੜ੍ਹ,
ਵੀਰੋਵਾਲ, ਜ਼ਿਲਾ: ਨਵਾਂ ਸ਼ਹਿਰ

ਨੀਲਮ ਸੰਗੀਤ ਮੰਦਰ,
ਪੰਡੋਰਾ ਮੁਹੱਲਾ, ਨਵਾਂ ਸ਼ਹਿਰ

ਗੁਰਮਤਿ ਸੰਗੀਤ ਅਕੈਡਮੀ,
ਨੇੜੇ ਬਸ ਅੱਡਾ, ਫਿਰੋਜ਼ਪੁਰ

ਸ੍ਰੀ ਗੁਰੂ ਹਰਗੋਬਿੰਦ ਢਾਡੀ ਅਤੇ ਸੰਗੀਤ ਵਿੱਦਿਆਲਾ
ਸਤਿਨਾਮਪੁਰਾ, ਛਾਬੜਾ ਹਸਪਤਾਲ ਦੇ ਪਿੱਛੇ, ਫਗਵਾੜਾ

ਜੀ. ਐਸ. ਸਰਦਾਰ,
1,98 ਰਾਜਿੰਦਰਾ ਨਗਰ, ਨਵੀਂ ਦਿੱਲੀ

ਗੁਰਮਤਿ ਵਿੱਦਿਆਲਾ
ਗੁ: ਰਕਾਬ ਗੰਜ, ਨਵੀਂ ਦਿੱਲੀ

ਗੁਰਬਾਣੀ ਸੰਗੀਤ ਅਕੈਡਮੀ,
69/2 ਪਡਾਪੁਕਾਰ ਰੋਡ, ਕਲੱਕਤਾ

ਸ. ਸ. ਕਰੀਰ
2-ਰਘਬੀਰ ਨਗਰ, ਬਚਿੱਤਰ ਮਾਰਗ
ਪਟਿਆਲਾ

ਸਿੱਖ ਮਿਸ਼ਨਰੀ ਗੁਰਮਤਿ ਸੰਗੀਤ ਵਿਦਿਆਲਾ
ਐਚ-1 ਲੇਬਰ ਕਾਲੋਨੀ
ਜਮਾਲਪੁਰ, ਲੁਧਿਆਣਾ

## ਡਾ. ਸਾਹਿਬ ਸਿੰਘ ਡੀ. ਲਿਟ.

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ, ਜੋ ਕਿਛੁ ਹੈ ਸੋ ਤੇਰਾ ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥203॥

ਸਲੋਕ ਕਬੀਰ ਜੀ

ਅਰਥ : ਕਬੀਰ ਜੀ ਕਹਿੰਦੇ ਹਨ, ਹੇ ਪ੍ਰਭੂ ਜੋ ਕੁਝ ਮੇਰੇ ਪਾਸ ਹੈ (ਇਹ ਤਨ ਮਨ ਧਨ) ਇਸ ਵਿੱਚ ਕੋਈ ਚੀਜ਼ ਐਸੀ ਨਹੀਂ ਜਿਸ ਨੂੰ ਮੈਂ ਆਪਣੀ ਆਖ ਸਕਾਂ, ਜੋ ਕੁਝ ਮੇਰੇ ਕੋਲ ਹੈ ਸਭ ਤੇਰਾ ਹੀ ਦਿੱਤਾ ਹੋਇਆ ਹੈ । (ਜੇ ਤੇਰੀ ਮਿਹਰ ਹੋਵੇ ਤਾਂ) ਤੇਰਾ ਬਖਸ਼ਿਆ ਹੋਇਆ । (ਇਹ ਤਨ ਮਨ ਧਨ) ਮੈ ਤੇਰੀ ਭੇਟ ਕਰਦਾ ਹਾਂ, ਇਸ ਵਿੱਚ ਮੇਰੇ ਪੱਲਿਓਂ ਕੁਝ ਖ਼ਰਚ ਨਹੀਂ ਹੁੰਦਾ ।

ਸਾਰੰਗ ਮਹਲਾ ੯

ਮਨ ਕਰਿ ਕਬਹੂ ਨ ਹਰਿ ਗੁਨ ਗਾਇਓ । ਬਿਖਿਆ ਸਕਤ ਰਹਿਓ ਨਿਸ ਬਾਸੁਰ ਕੀਨੋ ਅਪਨੋ ਭਾਇਓ ॥੧॥ ਰਹਾਉ॥ ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ ॥ ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ॥੨॥ ਕਹਾ ਕਹਉ ਮੈਂ ਅਪੁਨੀ ਕਰਨੀ, ਜਿਹ ਬਿਧਿ ਜਨਮੁ ਗਵਾਇਓ ॥ ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ ॥੨

ਪੰਨਾ 1232

ਅਰਥ : ਹੇ ਪ੍ਰਭੂ ! ਮੈ ਮਨ ਲਾਕੇ ਕਦੇ ਵੀ ਤੇਰੇ ਗੁਣ ਨਹੀਂ ਗਾਂਦਾ ਰਿਹਾ । ਮੈਂ ਦਿਨ ਰਾਤ ਮਾਇਆ ਵਿੱਚ ਹੀ ਮਗਨ ਰਿਹਾ, ਉਹੀ ਕੁਝ ਕਰਦਾ ਰਿਹਾ ਜੋ ਮੈਨੂੰ ਆਪ ਨੂੰ ਚੰਗਾ ਲਗਦਾ ਸੀ ।

ਹੇ ਹਰੀ ! ਮੈਂ ਕੰਨਾਂ ਨਾਲ ਗੁਰੂ ਦੀ ਸਿੱਖਿਆ ਕਦੇ ਨਾਹ ਸੁਣੀ, ਪਰਾਈ ਇਸਤ੍ਰੀ ਵਾਸਤੇ ਕਾਮ ਵਾਸਨਾ ਰੱਖਦਾ ਰਿਹਾ । ਦੂਜਿਆਂ ਦੀ ਨਿੰਦਾ ਕਰਨ ਵਾਸਤੇ ਬਹੁਤ ਦੌੜ-ਭੱਜ ਕਰਦਾ ਰਿਹਾ । ਸਮਝਾਂਦਿਆਂ ਵੀ ਮੈਂ ਕਦੇ ਨਾਹ ਸਮਝਿਆ (ਕਿ ਇਹ ਮਾੜਾ ਕੰਮ ਹੈ)

ਹੇ ਹਰੀ ! ਮੈਂ ਆਪਣਾ ਜੀਵਨ ਅਜਾਈਂ ਗਵਾ ਲਿਆ ਹੈ, ਉਹ ਮੈਂ ਕਿੱਥੋਂ ਤੱਕ ਆਪਣੀ ਕਰਤੂਤ ਦੱਸਾਂ ? ਨਾਨਕ ਆਖਦਾ ਹੈ- ਹੇ ਪ੍ਰਭੂ ਮੇਰੇ ਅੰਦਰ ਸਾਰੇ ਔਗੁਣ ਹੀ ਹਨ । ਮੈਨੂੰ ਆਪਣੀ ਸਰਨ ਵਿੱਚ ਰੱਖ ਲੈ ।


**'ਅੰਮ੍ਰਿਤ ਕੀਰਤਨ'**

ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜਣ ਦੀ ਕਿਰਪਾ ਕਰੋ



**ਗੁਰਮਤਿ ਸੰਗੀਤ ਵਿਸ਼ੇਸ਼ ਅੰਕ**

*ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ-ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿਲੱਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਾਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ । ਕੀਮਤ ਕੇਵਲ 30-00 ਰੁਪਏ ਡਾਕ ਖਰਚ ਸਮੇਤ ।*

*ਅੰਮ੍ਰਿਤ ਕੀਰਤਨ ਟਰੱਸਟ, 422, ਸੈਕਟਰ 15-ਏ, ਚੰਡੀਗੜ੍ਹ*

# ਰਣਧੀਰ ਸਿੰਘ ਖਾਲਸਾ, ਪਟਨਾ

# "ਰਾਗ ਵਿਰੰਦਾਵਨੀ ਸਾਰੰਗ"

**ਰਾਗ ਪਰੀਚੈ:** ਰਾਗ ਵਿਰੰਦਾਵਨੀ ਸਾਰੰਗ 'ਕਾਫੀ' ਠਾਟ ਦਾ ਰਾਗ ਹੈ । ਇਸ ਰਾਗ ਵਿਚ 'ਗ' ਤੇ 'ਧ' ਸਵਰ ਨਹੀਂ ਉਪਯੋਗ ਹੁੰਦੇ । ਇਸ ਦੀ ਜਾਤੀ ਔੜਵ-ਔੜਵ ਹੈ । ਵਾਦੀ ਸਵਰ 'ਰੇ' ਅਤੇ ਸੰਵਾਦੀ 'ਪ' ਹੈ । ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਤੀਜਾ ਪਹਿਰ ਹੈ । ਇਸ ਰਾਗ ਵਿਚ ਦੋਨੋਂ 'ਨਿ' ਪ੍ਰਯੋਗ ਹੁੰਦੇ ਹਨ ।

ਆਰੋਹ : ਨਿ̣ ਸਾ, ਰੇ, ਮ ਪ, ਨਿ ਸਾਂ ।     ਅਵਰੋਹ : ਸਾਂ ਨਿ̱ ਪ, ਮ ਰੇ, ਸਾ ॥

ਆਲਾਪ

1. ਸਾ ऽ ਨਿ̣ ऽ ਸਾ ऽ ਨਿ̱̣ ऽ ਪ̣ ऽ ਮ̣ ऽ ਪ̣ ऽ ਨਿ̣ ऽ ਸਾ ऽ ऽ ऽ ।
2. ਸਾ ऽ ਨਿ̣ ऽ ऽ ਸਾ ऽ ਰੇ ऽ ਮ ऽ ਰੇ ऽ ਪ ऽ ਮ ਰੇ ऽ ਨਿ̣ ऽ ਸਾ ऽऽ ।
3. ਮ ऽ ਪ ऽ ਨਿ ऽ ऽ ਸਾਂ ऽ ऽ ਪ ਨਿ̱ ਪ ऽ ਰੇ ऽ ਮ ऽ ਰੇ ऽ ਪ ऽ ਮ ਰੇ
   ऽ ਨਿ̣ ऽ ਸਾ ऽ ऽ ऽ ।
4. ਪ ऽ ਮ ऽ ਰੇ ऽ ਨਿ̱ ऽ ਪ ऽ ऽ ਮ ऽ ਪ ऽ ਨਿ ऽ ऽ ਸਾਂ ऽ ऽ ऽ ਸਾਂ ऽ ऽ
   ਨਿ̱ ऽ ਪ ऽ ਮਪ ਰੇ ऽ ਪ ਮ ऽ ਰੇ ऽ ਨਿ̱̣ ऽ ਸਾ ऽ ऽ ऽ ।

*ਰਾਗ ਵਿਰੰਦਾਵਨੀ ਸਾਰੰਗ*
*(ਮਧ ਲੈ ਤੀਨ ਤਾਲ-16 ਮਾਤਰਾ)*

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | | | | **ਸਥਾਈ** | | | | | | | | |
| | | | | ਨਿ̱ | ਨਿ̱ | ਮ | ਪ | ਨਿ | ਸਾਂ | ਨਿ̱ | ਪ | ਮ | ਰੇ | ਸਾ | ਨਿ̣ |
| | | | | ਮ | ਨ | ਕ | ਰਿ | ਕ | ਬ | ਹੂ | ਨ | ਹ | ਰਿ | ਗੁ | ਨ |
| ਰੇ | – | ਸਾ | – | * | * | * | * | ਮ | ਰੇ | ਮ | – | ਪ | ਪ | ਪ | ਪ– |
| ਗਾ | ऽ | ਇ | ਉ | | | | | ਬਿ | ਖਿ | ਆ | ऽ | ਸ | ਕ | ਤਿ | ਰਹਿ |
| ਪ | ਨਿ̱ | ਮ | ਮ | ਪ | – | ਪ | ਪ | ਨਿ | – | ਨਿ | – | ਨਿ | ਨਿ | ਨਿ | ਸਾਂ |
| ਉ | ऽ | ਨਿ | ਸਿ | ਬਾ | ऽ | ਸੁ | ਰ | ਕੀ | ऽ | ਨੋ | ऽ | ਅ | ਪ | ਨੋ | ऽ |
| ਨਿ̱ | – | ਮ | ਪ | | | | | | | | | | | | |
| ਭਾ | ऽ | ਇ | ਉ | | | | | | | | | | | | |
| | | | | | | | **ਅੰਤਰਾ** | | | | | | | | |
| | | | | | | | | ਮ | ਮ | ਪ | ਨਿ̱ | ਮ | – | ਪ | ਨਿ |
| | | | | | | | | ਗੁ | ਰ | ਉ | ਪ | ਦੇ | ऽ | ਸੁ | ਸੁ |
| ਸਾਂ | ਸਾਂ | ਸਾਂ | ਸਾਂ | ਰੇਂ | ਨਿ | ਸਾਂ | ਸਾਂ | ਨਿ | ਨਿ | ਨਿ | – | ਸਾਂ | – | ਸਾਂ | ਸਾਂ |
| ਨਿ | ਉ | ਨ | ਹਿ | ਕਾ | ऽ | ਨ | ਨਿ | ਪ | ਰ | ਦਾ | ऽ | ਰਾ | ऽ | ਲ | ਪ |
| ਨਿ | ਸਾਂ | ਨਿ | ਸਾਂ | ਪ | ਨਿ̱ | – | ਪ | ਪ | ਰੇਂ | ਰੇਂ | – | ਰੇਂ | – | ਰੇਂ | – |
| ਟਾ | ऽ | ऽ | ऽ | ਇ | ऽ | ਉ | ऽ | ਪ | ਰ | ਨਿੰ | ऽ | ਦਾ | ऽ | ਕਾ | ऽ |
| ਰੇਂ | ਮੰ | ਰੇਂ | ਸਾਂ | ਨਿ | – | ਸਾਂ | ਸਾਂ | ਨਿ | ਨਿ | ਨਿ | ਨਿ | ਨਿ | ਨਿ | ਨਿ | ਸਾਂ |
| ਰ | ਨਿ | ਬ | ਹੁ | ਧਾ | ऽ | ਵ | ਤ | ਸ | ਮ | ਝਿ | ਉ | ਨ | ਹ | ਸ | ਮ |
| ਨਿ̱ | – | ਮ | ਪ | | | | | | | | | | | | |
| ਝਾ | ऽ | ਇ | ਉ | | | | | | | | | | | | |

ਹਰਿੰਦਰ ਪਾਲ ਸਿੰਘ
ਐਮ.ਏ.ਬੀ.ਐਡ.

# ਸਵਰ ਲਿਪੀ-ਰਾਗ ਭੁਪਾਲੀ
# ਤਿੰਨ ਤਾਲ

ਰਾਗ ਪਰੀਚੈ : ਭੁਪਾਲੀ ਵਿਚ ਸਾਰੇ ਸੁਰ ਸ਼ੁੱਧ ਲਗਦੇ ਹਨ । ਆਰੋਹ, ਅਵਰੋਹ ਵਿਚ ਮ ਨੀ ਵਰਜਿਤ ਹਨ ਇਸ ਲਈ ਜਾਤੀ ਔੜਵ- ਔੜਵ ਹੈ । ਵਾਦੀ ਗ ਸੰਵਾਦੀ ਧ ਹੈ । ਥਾਟ ਦੇ ਸਬੰਧ ਵਿਚ ਮਤਭੇਦ ਹਨ । ਕੁਝ ਲੋਕ ਬਿਲਾਵਲ ਥਾਟ ਤੇ ਕੁਝ ਕਲਿਆਣ ਥਾਟ ਮੰਨਦੇ ਹਨ । ਵਧੇਰੇ ਮੱਤ ਕਲਿਆਣ ਥਾਟ ਮੰਨਣ ਦਾ ਹੈ ਕਿਉਂਕਿ 'ਮ' ਵਰਜਿਤ ਹੋਣ ਕਰਕੇ ਬਿਲਾਵਲ ਥਾਟ ਦਾ ਨਹੀਂ ਕਹਿ ਸਕਦੇ । ਗਾਇਨ ਸਮਾਂ ਰਾਤ ਦਾ ਪ੍ਰਥਮ ਪਹਿਰ ਹੈ । ਦੇਸ਼ਕਾਰ ਇਸ ਦੇ ਨਿਕਟ ਦਾ ਰਾਗ ਹੈ ਕੇਵਲ ਵਾਦ-ਸੰਵਾਦ 'ਚ ਫਰਕ ਹੈ । ਭੁਪਾਲੀ ਲਗਪਗ ਸਾਰੀਆਂ ਹੀ ਗਾਇਨ ਸ਼ੈਲੀਆਂ ਲਈ ਬਹੁਤ ਪ੍ਰਸਿੱਧ ਰਾਗ ਹੈ । ਅੱਜ ਕਲ੍ਹ ਰਾਗੀ ਸਿੰਘਾਂ ਵਿੱਚ ਇਸ ਰਾਗ ਦਾ ਪ੍ਰਭਾਵ ਮੁਕਾਬਲਤਨ ਜ਼ਿਆਦਾ ਵੇਖਣ ਨੂੰ ਮਿਲਦਾ ਹੈ ।

ਆਰੋਹ : ਸ ਰੇ ਗ ਪ ਧ ਸਂ
ਅਵਰੋਹ : ਸਂ ਧ ਪ ਗ ਰੇ ਸ
ਪਕੜ : ਗ, ਰੇ, ਸ ਧ਼, ਸ ਰੇ ਗ, ਪਗ, ਰੇ ਸਾ

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | **ਸਥਾਈ** | | | | | | | | |
| | | | | | | ਗS | ਗ | ਗਪ | ਧਸਂ | ਧ | ਪ | ਗ | ਰੇ | ਸਾ | ਰੇ |
| | | | | | | ਕਬੀ | ਰ | ਮੇS | SS | ਰਾ | S | ਮੁ | ਝ | ਮ | ਹਿ |
| ਗ | ਗ | ਗ | ਪ | ਗ | ਰੇ | ਗ | ਗ | ਗ | ਪ | ਧ | ਸਂ | ਰੇਂ | ਸਂ | ਧ | ਪ |
| ਕਿ | ਛ | S | ਨ | ਹੀ | S | S | S | ਜੋ | S | ਕਿ | ਛੁ | ਹੈ | S | ਸੋ | S |
| ਗਪ | ਧਪ | ਗਰੇ | ਗਰੇ | ਸ | - | | | | | | | | | | |
| ਤੇS | SS | ਰਾS | SS | S | S | | | | | | | | | | |
| | | | | | | | **ਅੰਤਰਾ** | | | | | | | | |
| | | | | | | | | ਗ | ਗ | ਗ | ਗ | ਪ | ਪ | ਧ | ਪ |
| | | | | | | | | ਤੇ | S | ਰਾ | S | ਤੁ | ਝ | ਕ | ਉ |
| ਸਂ | ਸਂ | ਸਂ | ਸਂ | ਧ | ਰੇਂ | ਸਂ | ਸਂ | ਸਂS | ਰੇਂ | ਗਂ | ਰੇਂ | ਸਂ | ਧ | ਪ | ਧ |
| ਸ | ਉ | S | ਪ | ਤੇ | S | S | S | ਕਿਆ | S | S | S | ਲਾ | S | ਗੇ | S |
| ਗਪ | ਧਸਂ | ਧਪ | ਗਰੇ | ਸ | - | | | | | | | | | | |
| ਮੇS | SS | ਰਾS | SS | S | S | | | | | | | | | | |

# ਸੰਗੀਤ-ਲਿਪੀ ਚਿੰਨ੍ਹ

ਪ — ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ ।

ਧੁ ਸੁਰ — ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਨੰ: 2, 4, 9, 11 ਕੋਮਲ ਸੁਰ ਹਨ ।

ਮ — ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ ।

ਪ਼/ਧ਼ — ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ ।

ਸੰ/ਪੰ — ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ ।

ਪ— — ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ ।

ਸ਼ਾਂ s — ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ ।

ਧਪ — ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ ।

ਮਪ — ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ ।

**XO 123** — X ਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ ।



# ਮਹੀਨਾ ਜੂਨ/ਹਾੜ

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥ ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥ ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥ ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥ ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥ ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥ ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀਂ ਨਾਨਕ ਕੀ ਅਰਦਾਸਿ ॥ ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥

| | | | | | |
|---|---|---|---|---|---|
| ਸੰਮਤ ਬਿਕ੍ਰਮੀ 2054<br>ਸੰਮਤ ਨਾਨਕਸ਼ਾਹੀ 528<br>ਸੰਮਤ ਖਾਲਸਾ 299<br>ਸੰਮਤ ਸ਼ਾਕਾ 1919 | | ਜੂਨ<br>JUNE 1997 | | ਸੰਗਰਾਂਦ 14 ਜੂਨ<br>ਪੂਰਨਮਾਸ਼ੀ 22 ਜੂਨ<br>ਮਸਿਆ 5 ਜੂਨ<br>ਪੰਚਮੀ 10 ਜੂਨ | |
| ਐਤ SUN | 1<br>19 ਜੇਠ<br>ਜੇਠ ਵਦੀ 11 | 8<br>26 ਜੇਠ<br>ਜੇਠ ਸੁਦੀ 3 | 15<br>2 ਹਾੜ<br>ਜੇਠ ਸੁਦੀ 10 | 22<br>9 ਹਾੜ<br>ਹਾੜ ਵਦੀ 2 | 29<br>16 ਹਾੜ<br>ਹਾੜ ਵਦੀ 10 |
| ਸੋਮ MON | 2<br>20 ਜੇਠ<br>ਜੇਠ ਵਦੀ 12 | 9<br>27 ਜੇਠ<br>ਜੇਠ ਸੁਦੀ 4 | 16<br>3 ਹਾੜ<br>ਜੇਠ ਸੁਦੀ 11 | 23<br>10 ਹਾੜ<br>ਹਾੜ ਵਦੀ 3 | 30<br>17 ਹਾੜ<br>ਹਾੜ ਵਦੀ 11 |
| ਮੰਗਲ TUE | 3<br>21 ਜੇਠ<br>ਜੇਠ ਵਦੀ 13 | 10<br>28 ਜੇਠ<br>ਜੇਠ ਸੁਦੀ 5 | 17<br>4 ਹਾੜ<br>ਜੇਠ ਸੁਦੀ 12 | 24<br>11 ਹਾੜ<br>ਹਾੜ ਵਦੀ 4 | * |
| ਬੁੱਧ WED | 4<br>22 ਜੇਠ<br>ਜੇਠ ਵਦੀ 14 | 11<br>29 ਜੇਠ<br>ਜੇਠ ਸੁਦੀ 6 | 18<br>5 ਹਾੜ<br>ਜੇਠ ਸੁਦੀ 13 | 25<br>12 ਹਾੜ<br>ਹਾੜ ਵਦੀ 5 | * |
| ਵੀਰ THU | 5<br>23 ਜੇਠ<br>ਮਸਿਆ | 12<br>30 ਜੇਠ<br>ਜੇਠ ਸੁਦੀ 7 | 19<br>6 ਹਾੜ<br>ਜੇਠ ਸੁਦੀ 14 | 26<br>13 ਹਾੜ<br>ਹਾੜ ਵਦੀ 6 | * |
| ਸ਼ੁੱਕਰ FRI | 6<br>24 ਜੇਠ<br>ਜੇਠ ਸੁਦੀ 1 | 13<br>31 ਜੇਠ<br>ਜੇਠ ਸੁਦੀ 8 | 20<br>7 ਹਾੜ<br>ਪੂਰਨਮਾਸ਼ੀ | 27<br>14 ਹਾੜ<br>ਹਾੜ ਵਦੀ 7-8 | * |
| ਸ਼ਨੀ SAT | 7<br>25 ਜੇਠ<br>ਜੇਠ ਸੁਦੀ 2 | 14<br>1 ਹਾੜ<br>ਜੇਠ ਸੁਦੀ 9 | 21<br>8 ਹਾੜ<br>ਹਾੜ ਵਦੀ 1 | 28<br>15 ਹਾੜ<br>ਹਾੜ ਵਦੀ 9 | * |

ਅਰਥ- ਹਾੜ ਦਾ ਮਹੀਨਾ ਉਸ ਜੀਵ ਨੂੰ ਤਪਦਾ ਪ੍ਰਤੀਤ ਹੁੰਦਾ ਹੈ (ਉਹ ਬੰਦੇ ਹਾੜ ਦੇ ਮਹੀਨੇ ਵਾਂਗ ਤਪਦੇ-ਕਲਪਦੇ ਰਹਿੰਦੇ ਹਨ) ਜਿੰਨ੍ਹਾਂ ਦੇ ਹਿਰਦੇ ਵਿਚ ਪ੍ਰਭੂ-ਪਤੀ ਨਹੀਂ ਵਸਦਾ, ਜੇਹੜੇ ਜਗਤ ਦੇ ਸਹਾਰੇ ਪਰਮਾਤਮਾ (ਦਾ ਆਸਰਾ) ਛੱਡ ਕੇ ਬੰਦਿਆਂ ਦੀਆਂ ਆਸਾਂ ਬਣਾਈ ਰੱਖਦੇ ਹਨ ।

(ਪ੍ਰਭੂ ਤੋਂ ਬਿਨ) ਕਿਸੇ ਹੋਰ ਦੇ ਆਸਰੇ ਰਿਹਾਂ ਖ਼ੁਆਰ ਹੀ ਹੋਈਦਾ ਹੈ, (ਜੋ ਭੀ ਕੋਈ ਹੋਰ ਸਹਾਰਾ ਤੱਕਦਾ ਹੈ) ਉਸ ਦੇ ਗਲ ਵਿਚ ਜਮ ਦੀ ਫਾਹੀ ਪੈਂਦੀ ਹੈ (ਉਸ ਦਾ ਜੀਵਨ ਸਦਾ ਸਹਿਮ ਵਿਚ ਬੀਤਦਾ ਹੈ) । (ਕੁਦਰਤਿ ਦਾ ਨਿਯਮ ਹੀ (ਐਸਾ ਹੈ ਕਿ) ਮਨੁੱਖ ਜੇਹਾ ਬੀਜ ਬੀਜਦਾ ਹੈ, (ਕੀਤੇ ਕਰਮਾਂ ਅਨੁਸਾਰ) ਜੇਹੜਾ ਲੇਖ ਉਸ ਦੇ ਮੱਥੇ ਉਤੇ ਲਿਖਿਆ ਜਾਂਦਾ ਹੈ, ਉਹੋ ਜਿਹਾ ਫਲ ਉਹ ਪ੍ਰਾਪਤ ਕਰਦਾ ਹੈ । (ਜਗਜੀਵਨ ਪੁਰਖ ਨੂੰ ਵਿਸਾਰਨ ਵਾਲੀ ਜੀਵ-ਇਸਤ੍ਰੀ ਦੀ) ਸਾਰੀ ਜ਼ਿੰਦਗੀ ਪਛਤਾਵਿਆਂ ਵਿਚ ਹੀ ਗੁਜ਼ਰਦੀ ਹੈ, ਉਹ ਜਗਤ ਤੋਂ ਟੁੱਟੇ ਹੋਏ ਦਿਲ ਨਾਲ ਹੀ ਤੁਰ ਪੈਂਦੀ ਹੈ ।

ਜਿੰਨ੍ਹਾਂ ਬੰਦਿਆਂ ਨੂੰ ਗੁਰੂ ਮਿਲ ਪੈਂਦਾ ਹੈ, ਉਹ ਪਰਮਾਤਮਾ ਦੀ ਹਜ਼ੂਰੀ ਵਿਚ ਸੁਰਖ਼ਰੂ ਹੁੰਦੇ ਹਨ ( ਆਦਰ-ਮਾਣ ਪਾਂਦੇ ਹਨ) ।

ਹੇ ਪ੍ਰਭੂ ! (ਤੇਰੇ ਅੱਗੇ) ਨਾਨਕ ਦੀ ਬੇਨਤੀ ਹੈ- ਆਪਣੀ ਮਿਹਰ ਕਰ, (ਮੇਰੇ ਮਨ ਵਿਚ) ਤੇਰੇ ਦਰਸਨ ਦੀ ਤਾਂਘ ਬਣੀ ਰਹੇ, (ਕਿਉਂਕਿ) ਹੇ ਪ੍ਰਭੂ ! ਤੈਥੋਂ ਬਿਨਾ ਮੇਰਾ ਕੋਈ ਹੋਰ ਆਸਰਾ-ਪਰਨਾ ਨਹੀਂ ਹੈ ।

ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦੇ ਚਰਨਾਂ ਦਾ ਨਿਵਾਸ ਬਣਿਆ ਰਹੇ, ਉਸ ਨੂੰ (ਤਪਦਾ) ਹਾੜ (ਭੀ) ਸੁਹਾਵਣਾ ਜਾਪਦਾ ਹੈ (ਉਸ ਨੂੰ ਦੁਨੀਆ ਦੇ ਦੁੱਖ-ਕਲੇਸ਼ ਭੀ ਦੁਖੀ ਨਹੀਂ ਕਰ ਸਕਦੇ) ।੫।

## ਗੁਰਪੁਰਬ

| | |
|---|---|
| ਪਾ: ੫ ਜੋਤੀ ਜੋਤਿ ਸਮਾਏ (ਸ਼ਹੀਦੀ) | 9 ਜੂਨ |
| ਪਾ: ੬ ਅਵਤਾਰ ਧਾਰਿਆ | 21 ਜੂਨ |

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਨਿਰਜਲਾ ਇਕਾਦਸ਼ੀ | 16 ਜੂਨ |
| ਬਰਸੀ ਮਹਾਰਾਜਾ ਰਣਜੀਤ ਸਿੰਘ | 28 ਜੂਨ |

*ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ*